9-FEB-PAGE-1.qxd 2/8/2023 10:41 PM Page 1

ਵੀਰਵਾਰ, 9 ਫਰਵਰੀ, 2023
27 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 250

ਨਵਾਂ ਜ਼ਮਾਨਾ

DAILY NAWAN ZAMANA • THURSDAY, 9 FEBRUARY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਪਲਾਸਟਿਕ ਦੀ ਜੈਕਟ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਲਾਸਟਿਕ ਦੀਆਂ ਬੋਤਲਾਂ ਨੂੰ 'ਰੀਸਾਈਕਲ' ਕਰਕੇ ਬਣਾਈ ਸਮੱਗਰੀ ਤੋਂ ਬਣੀ ਹਲਕੇ ਨੀਲੇ ਰੰਗ ਦੀ ਜੈਕੇਟ ਪਹਿਨ ਕੇ ਸੰਸਦ ਪੁੱਜੇ।

ਜ਼ੂਮ ਦੇ 1300 ਮੁਲਾਜ਼ਮਾਂ ਦੀ ਨੌਕਰੀ ਚੱਲੀ

ਨਵੀਂ ਦਿੱਲੀ : ਵੀਡੀਓ ਕਮਿਊਨੀਕੇਸ਼ਨ ਐਪ ਜ਼ੂਮ ਕਰੀਬ 1300 ਮੁਲਾਜ਼ਮਾਂ (15 ਫੀਸਦੀ) ਦੀ ਛਾਂਟੀ ਕਰ ਰਹੀ ਹੈ। ਇਸ ਦੇ ਸੀ ਈ ਓ ਐਰਿਕ ਯੂਆਨ ਨੇ ਇਹ ਵੀ ਕਿਹਾ ਕਿ ਉਹ ਆਉਣ ਵਾਲੇ ਵਿੱਤੀ ਸਾਲ ਲਈ ਆਪਣੀ ਤਨਖਾਹ ਨੂੰ 98 ਪ੍ਰਤੀਸ਼ਤ ਤੱਕ ਘਟਾ ਰਿਹਾ ਹੈ ਅਤੇ ਆਪਣੇ ਵਿੱਤੀ ਸਾਲ 23 ਦੇ ਕਾਰਪੋਰੇਟ ਬੋਨਸ ਨੂੰ ਛੱਡ ਰਿਹਾ ਹੈ।

ਵੈਂਡਿੰਗ ਮਸ਼ੀਨ 'ਚੋਂ ਨਿਕਲਣਗੇ ਸਿੱਕੇ

ਮੁੰਬਈ : ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਦੱਸਿਆ ਕਿ ਉਨ੍ਹਾ ਦੀ ਯੋਜਨਾ ਕਿਊ ਆਰ ਕੋਡ 'ਤੇ ਅਧਾਰਤ ਕਾਇਨ ਵੈਂਡਿੰਗ ਮਸ਼ੀਨ ਲਾਉਣ ਦੀ ਹੈ। ਇਸ ਦੀ ਸ਼ੁਰੂਆਤ 12 ਸ਼ਹਿਰਾਂ ਤੋਂ ਕੀਤੀ ਜਾਵੇਗੀ। ਗਾਹਕ ਆਪਣੀ ਯੂ ਪੀ ਆਈ ਐਪ ਰਾਹੀਂ ਕਿਊ ਆਰ ਕੋਡ ਨੂੰ ਸਕੈਨ ਕਰਕੇ ਸਿੱਕੇ ਕੱਢ ਸਕੇਗਾ ਤੇ ਉਸ ਦੇ ਖਾਤੇ ਵਿੱਚੋਂ ਇਹ ਪੈਸੇ ਕੱਟ ਜਾਣਗੇ।

ਪਾਕਿਸਤਾਨੀ ਡਰੋਨ ਸੁੱਟਿਆ

ਨਵੀਂ ਦਿੱਲੀ : ਬੀ ਐੱਸ ਐੱਫ ਨੇ ਅੰਮ੍ਰਿਤਸਰ ਸੈਕਟਰ ਵਿਚ 7-8 ਫਰਵਰੀ ਦੀ ਦਰਮਿਆਨੀ ਰਾਤ ਨੂੰ ਸਰਹੱਦੀ ਚੌਕੀ ਬਾਬਾ ਪੀਰ ਨੇੜੇ ਭਾਰਤ ਵੱਲ ਆ ਰਹੇ ਡਰੋਨ ਨੂੰ ਡੇਗ ਦਿੱਤਾ। ਇਹ ਡਰੋਨ ਸਰਹੱਦ ਪਾਰ ਕਰਕੇ ਪਾਕਿਸਤਾਨੀ ਖੇਤਰ ਵਿਚ ਜਾ ਡਿੱਗਿਆ।

ਪ੍ਰੇਮਿਕਾ ਮਾਰਨ ਦਾ ਗੁਨਾਹ ਕਬੂਲਿਆ

ਮੈਲਬਰਨ : 21 ਸਾਲਾ ਤਾਰਿਕਜੋਤ ਸਿੰਘ ਨੇ ਆਪਣੀ ਸਾਬਕਾ ਪ੍ਰੇਮਿਕਾ ਜਸਮੀਨ ਕੌਰ (21) ਦੇ ਕਤਲ ਦਾ ਦੋਸ਼ ਕਬੂਲ ਲਿਆ ਹੈ। ਮੁਟਿਆਰ ਦੀ ਲਾਸ਼ ਮਾਰਚ 2021 'ਚ ਦੱਖਣੀ ਆਸਟਰੇਲੀਆ 'ਚ ਮਿਲੀ ਸੀ। ਤਾਰਿਕਜੋਤ ਸਿੰਘ 'ਤੇ ਐਡੀਲੇਡ ਤੋਂ 430 ਕਿਲੋਮੀਟਰ ਦੂਰ ਫਲਿੰਡਰਜ ਰੇਂਜ, ਜਿੱਥੇ ਉਸ ਨੂੰ ਆਖਰੀ ਵਾਰ ਦੇਖਿਆ ਗਿਆ ਸੀ, 'ਚ ਇੱਕ ਕਬਰ 'ਚ ਲਾਸ਼ ਸੁੱਟਣ ਤੋਂ ਪਹਿਲਾਂ ਜਸਮੀਨ ਕੌਰ ਨੂੰ ਅਗਵਾ ਕਰਨ ਅਤੇ ਉਸ ਦੀ ਹੱਤਿਆ ਕਰਨ ਦਾ ਦੋਸ਼ ਸੀ। ਤਾਰਿਕਜੋਤ ਨੇ ਪਹਿਲਾਂ ਦੋਸ਼ ਕਬੂਲ ਨਹੀਂ ਸੀ ਕੀਤਾ। ਮਾਮਲੇ ਦੀ ਮੁੜ ਸੁਣਵਾਈ ਅਪਰੈਲ 'ਚ ਹੋਵੇਗੀ। ਦੋਸ਼ੀ ਨੂੰ 20 ਸਾਲ ਤੱਕ ਦੀ ਘੱਟੋ-ਘੱਟ ਸਜ਼ਾ ਬਗੈਰ ਪੈਰੋਲ ਤੋਂ ਹੋ ਸਕਦੀ ਹੈ।

ਸੂਹ ਦੇਣ ਵਾਲੇ ਨੂੰ 10 ਲੱਖ

ਜੰਮੂ : ਪੁਲਸ ਨੇ ਕਿਹਾ ਹੈ ਕਿ ਡਾਂਗਰੀ ਪਿੰਡ 'ਚ ਹਮਲਾ ਕਰਨ ਵਾਲੇ ਦਹਿਸ਼ਤਗਰਦ ਰਾਜੌਰੀ ਜ਼ਿਲ੍ਹੇ ਦੇ ਪਹਾੜੀ ਇਲਾਕਿਆਂ 'ਚ ਲੁਕੇ ਹੋਏ ਹਨ ਅਤੇ ਉਨ੍ਹਾਂ ਬਾਰੇ ਸੂਚਨਾ ਦੇਣ ਵਾਲੇ ਨੂੰ 10 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਪੁਲਸ ਨੇ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਮਦਦ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੈ। ਰਾਜੌਰੀ ਦੇ ਡਾਂਗਰੀ ਪਿੰਡ 'ਚ 1 ਜਨਵਰੀ ਨੂੰ ਹੋਏ ਹਮਲੇ 'ਚ 7 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 14 ਹੋਰ ਜ਼ਖਮੀ ਹੋ ਗਏ ਸਨ।

ਮੋਦੀ 'ਤੇ ਰਾਹੁਲ ਦੀਆਂ ਟਿੱਪਣੀਆਂ ਲੋਕ ਸਭਾ ਦੀ ਕਾਰਵਾਈ 'ਚੋਂ ਖਾਰਜ

ਨਵੀਂ ਦਿੱਲੀ : ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਰਾਹੁਲ ਗਾਂਧੀ ਵੱਲੋਂ ਮੰਗਲਵਾਰ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ ਬੋਲਦਿਆਂ ਅਡਾਨੀ ਗਰੁੱਪ ਦੀ ਚੜ੍ਹਤ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯੋਗਦਾਨ ਬਾਰੇ ਕੀਤੀਆਂ 18 ਟਿੱਪਣੀਆਂ ਸਦਨ ਦੀ ਕਾਰਵਾਈ ਵਿੱਚੋਂ ਕੱਢ ਦਿੱਤੀਆਂ ਹਨ। ਇਸ ਦੇ ਜਵਾਬ ਵਿਚ ਰਾਹੁਲ ਨੇ ਟਵੀਟ ਕੀਤਾ ਹੈ— ਪ੍ਰਧਾਨ ਮੰਤਰੀ, ਤੁਸੀਂ ਜਮਹੂਰੀਅਤ ਦੀ ਆਵਾਜ਼ ਨੂੰ ਦਬਾ ਨਹੀਂ ਸਕਦੇ। ਭਾਰਤ ਦੇ ਲੋਕ ਤੁਹਾਨੂੰ ਸਵਾਲ ਕਰ ਰਹੇ ਹਨ, ਸਾਨੂੰ ਜਵਾਬ ਦਿਓ।

ਰਾਹੁਲ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਸੀ ਕਿ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਅਡਾਨੀ ਗਰੁੱਪ ਦੀ ਕਿਸਮਤ ਤੇਜ਼ੀ ਨਾਲ ਬਦਲੀ। ਜਿਹੜੀਆਂ ਟਿੱਪਣੀਆਂ ਸਪੀਕਰ ਨੇ ਕਾਰਵਾਈ ਵਿੱਚੋਂ ਕੱਢੀਆਂ ਹਨ, ਉਨ੍ਹਾਂ ਵਿਚ ਰਾਹੁਲ ਨੇ ਪ੍ਰਧਾਨ ਮੰਤਰੀ ਤੋਂ ਅਡਾਨੀ ਨਾਲ ਰਿਸ਼ਤਿਆਂ ਬਾਰੇ ਜਵਾਬ ਮੰਗਿਆ ਸੀ, ਜਿਹੜੇ ਕਿ ਉਦੋਂ ਦੇ ਹਨ, ਜਦੋਂ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਸਨ। ਰਾਹੁਲ ਨੇ ਮੁੰਬਈ ਏਅਰਪੋਰਟ ਅਡਾਨੀ ਗਰੁੱਪ ਨੂੰ ਦੇਣ ਸਮੇਤ ਕਈ ਹੋਰ ਅਦਾਰੇ ਉਸ ਦੇ ਹਵਾਲੇ ਕਰਨ ਦਾ ਜ਼ਿਕਰ ਕੀਤਾ ਸੀ।

ਇਸੇ ਦੌਰਾਨ ਮੋਦੀ ਬਾਰੇ ਟਿੱਪਣੀਆਂ 'ਤੇ ਭਾਜਪਾ ਨੇ ਕਾਂਗਰਸ ਦੇ ਰਾਹੁਲ ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਨੋਟਿਸ ਦਿੱਤਾ ਹੈ ਅਤੇ ਸਪੀਕਰ ਨੇ ਇਸ 'ਤੇ ਵਿਚਾਰ ਕਰਨ ਤੋਂ ਬਾਅਦ ਕਾਰਵਾਈ ਕਰਨ ਦੀ ਗੱਲ ਕਹੀ ਹੈ। ਸਦਨ 'ਚ ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਰਾਹੁਲ ਗਾਂਧੀ ਦੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਾਂਗਰਸ ਮੈਂਬਰ ਨੇ ਸਦਨ ਦੇ ਕੰਮਕਾਜ ਦੇ ਨਿਯਮਾਂ 353 ਅਤੇ 369 ਦੀ ਉਲੰਘਣਾ ਕੀਤੀ ਹੈ। ਉਨ੍ਹਾ ਕਿਹਾ ਕਿ ਨਿਯਮ 353 ਤਹਿਤ ਆਪਣੇ ਬਚਾਅ ਲਈ ਸਦਨ 'ਚ ਹਾਜ਼ਰ ਨਾ ਹੋਣ ਵਾਲੇ ਵਿਅਕਤੀ ਖਿਲਾਫ ਦੋਸ਼ ਨਹੀਂ ਲਾਏ ਜਾ ਸਕਦੇ।

ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦੇ ਭਾਸ਼ਣ 'ਤੇ ਲੋਕ ਸਭਾ 'ਚ ਧੰਨਵਾਦ ਮਤੇ ਦਾ ਬੁੱਧਵਾਰ ਜਵਾਬ ਦਿੰਦਿਆਂ ਕਿਹਾ ਕਿ ਅੱਜ ਸਾਰੀ ਦੁਨੀਆ ਭਾਰਤ ਵੱਲ ਦੇਖ ਰਹੀ ਹੈ। ਦੇਸ਼ 'ਚ ਸਥਿਰ ਤੇ ਫੈਸਲੇ ਲੈਣ ਵਾਲੀ ਸਰਕਾਰ ਹੈ। ਗਣਤੰਤਰ ਦੇ ਮੁਖੀ ਵਜੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੀ ਮੌਜੂਦਗੀ ਇਤਿਹਾਸਕ ਹੈ ਅਤੇ ਕਰੋੜਾਂ ਭਾਰਤੀ ਨਾਗਰਿਕਾਂ, ਭੈਣਾਂ ਅਤੇ ਧੀਆਂ ਲਈ ਪ੍ਰੇਰਨਾ-ਸਰੋਤ ਵੀ ਹੈ। ਉਨ੍ਹਾ ਕਿਹਾ ਕਿ ਅੱਜ ਦੇਸ਼ ਪੂਰੀ ਤਾਕਤ ਨਾਲ ਅੱਗੇ ਵਧ ਰਿਹਾ ਹੈ। ਦੁਨੀਆ ਭਾਰਤ ਦੀ ਖੁਸ਼ਹਾਲੀ 'ਚ ਆਪਣੀ ਖੁਸ਼ਹਾਲੀ ਦੇਖ ਰਹੀ ਹੈ। ਆਜ਼ਾਦੀ ਤੋਂ ਬਾਅਦ 2004 ਤੋਂ 2014 ਤੱਕ ਦਾ ਦਹਾਕਾ ਘਪਲਿਆਂ ਦਾ ਰਿਹਾ ਹੈ, ਉਸ ਦੌਰਾਨ ਦੇਸ਼ ਹਿੰਸਾ ਦਾ ਸ਼ਿਕਾਰ ਹੋਇਆ।

ਮਲਬੇ 'ਚੋਂ ਜ਼ਿੰਦਗੀ ਬਚਾਉਣ ਦੀ ਜੰਗ

ਤੁਰਕੀ ਅਤੇ ਸੀਰੀਆ 'ਚ ਆਏ ਭੂਚਾਲ 'ਚ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ। ਅੱਜ ਆਈਆਂ ਖ਼ਬਰਾਂ ਮੁਤਾਬਕ ਮਰਨ ਵਾਲਿਆਂ ਦਾ ਅੰਕੜਾ 11 ਹਜ਼ਾਰ ਤੋਂ ਪਾਰ ਹੋਣ ਦੇ ਨਾਲ ਹੀ ਤੁਰਕੀ 'ਚ ਬਾਡੀ ਬੈਗਜ਼ ਦਾ ਢੇਰ ਲੱਗਣਾ ਸ਼ੁਰੂ ਹੋ ਗਿਆ ਹੈ। ਇਸ ਦੌਰਾਨ ਤੁਰਕੀ ਸਮੇਤ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੀਆਂ ਟੀਮਾਂ ਮਲਬੇ 'ਚੋਂ ਜ਼ਿੰਦਗੀ ਦੀ ਤਲਾਸ਼ 'ਚ ਦਿਨ-ਰਾਤ ਇੱਕ ਕਰ ਰਹੀਆਂ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਭੂਚਾਲ ਤੋਂ ਬਾਅਦ ਤੁਰਕੀ 10 ਫੁੱਟ ਖਿਸਕ ਗਿਆ ਹੈ। ਇਸ ਦੌਰਾਨ ਲੱਗਭੱਗ 52 ਘੰਟੇ ਬਾਅਦ ਇੱਕ ਇਮਾਰਤ ਦੇ ਮਲਬੇ 'ਚੋਂ ਯਿਜਿਤ ਕਾਕਮਕ (8 ਸਾਲਾ) ਨੂੰ ਬਚਾਇਆ ਗਿਆ। ਇਸ ਤੋਂ ਬਾਅਦ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਸ਼ਰਾਬ ਕਾਰੋਬਾਰੀ ਗੌਤਮ ਮਲਹੋਤਰਾ ਗ੍ਰਿਫ਼ਤਾਰ

ਨਵੀਂ ਦਿੱਲੀ : ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦਿੱਲੀ ਦੀ ਆਬਕਾਰੀ ਨੀਤੀ 'ਚ ਕਥਿਤ ਬੇਨੇਮੀਆਂ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਪੰਜਾਬ ਦੇ ਕਾਰੋਬਾਰੀ ਗੌਤਮ ਮਲਹੋਤਰਾ ਨੂੰ ਗ੍ਰਿਫਤਾਰ ਕਰ ਲਿਆ ਹੈ। ਪੰਜਾਬ ਦੇ ਓਏਸਿਸ ਗਰੁੱਪ ਨਾਲ ਜੁੜੇ ਮਲਹੋਤਰਾ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਦੀਆਂ ਅਪਰਾਧਿਕ ਧਾਰਾਵਾਂ ਤਹਿਤ ਹਿਰਾਸਤ 'ਚ ਲਿਆ ਗਿਆ ਹੈ। ਉਸ ਨੂੰ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ, ਜਿੱਥੇ ਈ ਡੀ ਉਸ ਦੀ ਹਿਰਾਸਤ ਦੀ ਮੰਗ ਕਰੇਗੀ।

ਅਧਿਕਾਰੀਆਂ ਨੇ ਦੱਸਿਆ ਕਿ ਮਲਹੋਤਰਾ ਪੰਜਾਬ ਅਤੇ ਕੁਝ ਹੋਰ ਖੇਤਰਾਂ 'ਚ ਸ਼ਰਾਬ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ।

ਇਸੇ ਦੌਰਾਨ ਸੀ ਬੀ ਆਈ ਨੇ ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਦੀ ਨੇਤਾ ਕੇ ਕਵਿਤਾ ਦੇ ਸਾਬਕਾ ਆਡੀਟਰ ਦੱਸੇ ਜਾ ਰਹੇ ਚਾਰਟਰਡ ਅਕਾਊਂਟੈਂਟ (ਸੀ ਏ) ਬੁੱਚੀ ਬਾਬੂ ਗੋਰੰਟਲਾ ਨੂੰ ਗ੍ਰਿਫਤਾਰ ਕਰ ਲਿਆ ਹੈ। ਸੀ ਬੀ ਆਈ ਨੇ ਆਬਕਾਰੀ ਨੀਤੀ ਮਾਮਲੇ ਦੇ ਸੰਬੰਧ 'ਚ ਪੁੱਛ-ਪੜਤਾਲ ਲਈ ਹੈਦਰਾਬਾਦ ਦੇ ਰਹਿਣ ਵਾਲੇ ਗੋਰੰਟਲਾ ਨੂੰ ਦਿੱਲੀ ਬੁਲਾਇਆ ਸੀ। ਅਧਿਕਾਰੀਆਂ ਨੇ ਕਿਹਾ ਕਿ ਉਹ ਸਹਿਯੋਗ ਨਹੀਂ ਕਰ ਰਿਹਾ ਸੀ ਅਤੇ ਜਵਾਬ ਦੇਣ ਤੋਂ ਬਚ ਰਿਹਾ ਸੀ, ਜਿਸ ਤੋਂ ਬਾਅਦ ਮੰਗਲਵਾਰ ਸ਼ਾਮ ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਦਿੱਲੀ ਦੇ ਮੇਅਰ ਦੀ ਚੋਣ ਦੇ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਨੋਟਿਸ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ 'ਆਪ' ਦੀ ਮੇਅਰ ਅਹੁਦੇ ਲਈ ਉਮੀਦਵਾਰ ਸ਼ੈਲੀ ਓਬਰਾਏ ਵੱਲੋਂ ਦਿੱਲੀ ਨਗਰ ਨਿਗਮ ਵਿਚ ਮੇਅਰ ਦੀ ਜਲਦੀ ਚੋਣ ਕਰਵਾਉਣ ਵਾਸਤੇ ਪਾਈ ਪਟੀਸ਼ਨ 'ਤੇ ਦਿੱਲੀ ਦੇ ਉਪ ਰਾਜਪਾਲ ਦੇ ਦਫਤਰ, ਨਿਗਮ ਦੇ ਪ੍ਰੋਟੈਮ ਪ੍ਰੀਜ਼ਾਈਡਿੰਗ ਅਫਸਰ ਸੱਤਿਆ ਸ਼ਰਮਾ ਅਤੇ ਹੋਰਨਾਂ ਤੋਂ ਜਵਾਬ ਮੰਗਿਆ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਪੀ ਐੱਸ ਨਰਸਿਮਹਾ ਅਤੇ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਸੋਮਵਾਰ ਤੱਕ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ। ਸੀਨੀਅਰ ਵਕੀਲ ਏ ਐੱਮ ਸਿੰਘਵੀ ਨੇ ਦੱਸਿਆ ਕਿ ਸਦਨ ਦਾ ਸੈਸ਼ਨ ਤਿੰਨ ਵਾਰ ਬੁਲਾਇਆ ਗਿਆ, ਪਰ ਮੇਅਰ ਦੀ ਚੋਣ ਨਹੀਂ ਹੋਈ।

ਕਰਜ਼ੇ ਦੀਆਂ ਕਿਸ਼ਤਾਂ ਹੋਰ ਮਹਿੰਗੀਆਂ

ਨਵੀਂ ਦਿੱਲੀ : ਭਾਰਤੀ ਰਿਜ਼ਰਵ ਬੈਂਕ ਨੇ ਮੁੱਖ ਤੌਰ 'ਤੇ ਮਹਿੰਗਾਈ ਨੂੰ ਕੰਟਰੋਲ ਕਰਨ ਦੇ ਉਦੇਸ਼ ਨਾਲ ਬੁੱਧਵਾਰ ਦੋ-ਮਾਸਿਕ ਮੁਦਰਾ ਨੀਤੀ ਸਮੀਖਿਆ ਵਿਚ ਇਕ ਵਾਰ ਮੁੜ ਨੀਤੀਗਤ ਦਰ ਰੈਪੋ ਵਿਚ 0.25 ਫੀਸਦੀ ਦਾ ਵਾਧਾ ਕੀਤਾ ਹੈ। ਇਸ ਕਾਰਨ ਮੁੱਖ ਨੀਤੀਗਤ ਦਰ ਵਧ ਕੇ 6.50 ਫੀਸਦੀ ਹੋ ਗਈ ਹੈ। ਇਸ ਦੇ ਨਾਲ ਹੀ ਕੇਂਦਰੀ ਬੈਂਕ ਨੇ ਮੌਜੂਦਾ ਵਿੱਤੀ ਸਾਲ 2022-23 ਲਈ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੀ ਵਿਕਾਸ ਦਰ ਦਾ ਅਨੁਮਾਨ 6.8 ਫੀਸਦੀ ਤੋਂ ਵਧਾ ਕੇ 7 ਫੀਸਦੀ ਕਰ ਦਿੱਤਾ ਹੈ।

ਰੈਪੋ ਦਰ ਉਹ ਵਿਆਜ ਦਰ ਹੈ, ਜਿਸ 'ਤੇ ਵਪਾਰਕ ਬੈਂਕਾਂ ਆਪਣੀਆਂ ਫੌਰੀ ਲੋੜਾਂ ਪੂਰੀਆਂ ਕਰਨ ਲਈ ਕੇਂਦਰੀ ਬੈਂਕ ਤੋਂ ਉਧਾਰ ਲੈਂਦੀਆਂ ਹਨ। ਇਸ 'ਚ ਵਾਧੇ ਦਾ ਮਤਲਬ ਹੈ ਕਿ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਤੋਂ ਉਧਾਰ ਲੈਣਾ ਮਹਿੰਗਾ ਹੋ ਜਾਵੇਗਾ ਅਤੇ ਮੌਜੂਦਾ ਕਰਜ਼ੇ ਦੀ ਮਹੀਨਾਵਾਰ ਕਿਸ਼ਤ (ਈ ਐੱਮ ਆਈ) ਵਧੇਗੀ।

ਸੋਮਵਾਰ ਨੂੰ ਸ਼ੁਰੂ ਹੋਈ ਮੁਦਰਾ ਨੀਤੀ ਕਮੇਟੀ ਦੀ ਤਿੰਨ ਦਿਨਾ ਬੈਠਕ 'ਚ ਲਏ ਫੈਸਲੇ ਦੀ ਜਾਣਕਾਰੀ ਦਿੰਦੇ ਹੋਏ ਆਰ ਬੀ ਆਈ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ—ਮੌਜੂਦਾ ਆਰਥਕ ਸਥਿਤੀ ਨੂੰ ਦੇਖਦੇ ਹੋਏ ਰੈਪੋ ਦਰ ਨੂੰ 0.25 ਫੀਸਦੀ ਵਧਾ ਕੇ 6.50 ਫੀਸਦੀ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਮਹਿਬੂਬਾ ਨੂੰ ਮਾਰਚ ਨਹੀਂ ਕਰਨ ਦਿੱਤਾ

ਨਵੀਂ ਦਿੱਲੀ : ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ) ਦੀ ਮੁਖੀ ਮਹਿਬੂਬਾ ਮੁਫਤੀ ਜੰਮੂ-ਕਸ਼ਮੀਰ 'ਚ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਨਾਜਾਇਜ਼ ਕਬਜ਼ੇ ਵਿਰੋਧੀ ਮੁਹਿੰਮ ਦੇ ਵਿਰੋਧ 'ਚ ਬੁੱਧਵਾਰ ਇਥੇ ਸੜਕ 'ਤੇ ਉਤਰ ਆਈ। ਸੰਸਦ ਵੱਲ ਮਾਰਚ ਕਰਨ ਦੇ ਇਰਾਦੇ ਨਾਲ ਮਹਿਬੂਬਾ ਬੋਟ ਕਲੱਬ ਇਲਾਕੇ ਵਿੱਚ ਪਹੁੰਚੀ, ਜਿੱਥੇ ਉਨ੍ਹਾ ਦੇ ਦਰਜਨਾਂ ਸਮਰਥਕ ਇਕੱਠੇ ਹੋਏ ਸਨ। ਉਨ੍ਹਾਂ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ 'ਤੇ ਲਿਖਿਆ ਸੀ, 'ਧਮਕਾਉਣਾ ਬੰਦ ਕਰੋ, 'ਬੁਲਡੋਜ਼ਿੰਗ ਬੰਦ ਕਰੋ।'

ਮਹਿਬੂਬਾ ਜੰਮੂ-ਕਸ਼ਮੀਰ 'ਚ ਚਲਾਈ ਜਾ ਰਹੀ 'ਬੁਲਡੋਜ਼ਰ ਨੀਤੀ' ਬਾਰੇ ਵਿਰੋਧੀ ਪਾਰਟੀਆਂ ਨੂੰ ਜਾਣਕਾਰੀ ਦੇਣਾ ਚਾਹੁੰਦੇ ਸਨ। ਦਿੱਲੀ ਪੁਲਸ ਨੇ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਹਿਰਾਸਤ 'ਚ ਲੈ ਲਿਆ ਅਤੇ ਉਨ੍ਹਾ ਅਤੇ ਉਨ੍ਹਾ ਦੇ ਸਮਰਥਕਾਂ ਨੂੰ ਜੰਤਰ-ਮੰਤਰ ਲੈ ਗਈ। ਇਸ ਤੋਂ ਬਾਅਦ ਪ੍ਰਦਰਸ਼ਨਕਾਰੀ ਉੱਥੋਂ ਚਲੇ ਗਏ।

ਚੀਨ ਨੇ ਭਾਰਤ ਦੀ ਜਾਸੂਸੀ ਲਈ ਵੀ ਗੁਬਾਰਾ ਛੱਡਿਆ !

ਵਾਸ਼ਿੰਗਟਨ : ਚੀਨ ਨੇ ਭਾਰਤ ਅਤੇ ਜਾਪਾਨ ਸਮੇਤ ਕਈ ਦੇਸ਼ਾਂ ਨੂੰ ਨਿਸ਼ਾਨਾ ਬਣਾ ਕੇ ਜਾਸੂਸੀ ਗੁਬਾਰਿਆਂ ਦਾ ਬੇੜਾ ਛੱਡਿਆ ਹੈ। ਅਮਰੀਕੀ ਫੌਜ ਵੱਲੋਂ ਸੰਵੇਦਨਸੀਲ ਅਮਰੀਕੀ ਥਾਵਾਂ ਦੀ ਜਾਸੂਸੀ ਕਰਨ ਵਾਲੇ ਚੀਨੀ ਨਿਗਰਾਨੀ ਗੁਬਾਰੇ ਨੂੰ ਨਸ਼ਟ

9-FEB-PAGE-1.qxd 2/8/2023 10:42 PM Page 2

ਚੜ੍ਹਾਵਾ ਚੋਰੀ ਕਰਨ ਵਾਲਾ ਕਾਬੂ

ਤਪਾ ਮੰਡੀ (ਅਰੁਣ ਗੌਇਲ) : ਢਿੱਲਵਾਂ ਰੋਡ ਸਥਿਤ ਵਿਵੇਕ ਮੁਨੀ ਦੇ ਡੇਰੇ ਦੀ ਮੂਰਤੀ ਵਾਲੇ ਕਮਰੇ ਦਾ ਜਿੰਦਰਾ ਤੋੜ ਕੇ ਚੋਰੀ ਕਰਨ ਵਾਲਾ ਪੁਲਸ ਨੇ ਕਾਬੂ ਕਰਕੇ ਮਾਣਯੋਗ ਅਦਾਲਤ 'ਚ ਪੇਸ਼ ਕਰਨ ਬਾਰੇ ਜਾਣਕਾਰੀ ਮਿਲੀ ਹੈ। ਇਸ ਸੰਬੰਧੀ ਚੌਕੀ ਇੰਚਾਰਜ ਗੁਰਪਾਲ ਸਿੰਘ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਢਿੱਲਵਾਂ ਰੋਡ ਤਪਾ ਨੇ ਬਿਆਨ ਦਰਜ ਕਰਵਾਏ ਹਨ ਕਿ ਉਹ ਖੇਤਾਂ 'ਚ ਰਹਿੰਦੇ ਹਨ ਅਤੇ ਸਾਡੇ ਖੇਤਾਂ ਕੋਲ ਸੰਕਟ ਮੋਚਨ ਹਨੂੰਮਾਨ ਦਾ ਮੰਦਰ ਬਣਿਆ ਹੋਇਆ ਹੈ, ਜਿਸ ਦੇ ਮੁਖੀ ਸੰਤ ਬਾਬਾ ਵਿਵੇਕ ਮੁਨੀ ਹਨ, ਜੋ ਯਾਤਰਾ ਗਏ ਹੋਏ ਸੀ। ਮੈਂ ਵੀ ਉਨ੍ਹਾ ਦਾ ਸ਼ਰਧਾਲੂ ਹਾਂ। ਮੈਂ ਜਦ ਡੇਰੇ 'ਚ ਗਿਆ ਤਾਂ ਦੇਖਿਆ ਕਿ ਹਨੂੰਮਾਨ ਮੰਦਰ ਦੇ ਗੇਟ ਦਾ ਜਿੰਦਰਾ ਟੁੱਟਿਆ ਪਿਆ ਸੀ ਅਤੇ ਚੜ੍ਹਾਵਾ ਚੋਰ ਚੋਰੀ ਕਰਕੇ ਲੈ ਗਿਆ ਸੀ। ਉਸ ਨੇ ਆਪਣੇ ਤੌਰ 'ਤੇ ਜਾਂਚ ਕੀਤੀ ਅਤੇ ਸੀ ਸੀ ਟੀ ਵੀ ਕੈਮਰੇ ਖੰਘਾਲੇ ਤਾਂ ਪਤਾ ਲੱਗਾ ਕਿ ਇਹ ਚੋਰੀ ਗੁਰਮੇਲ ਸਿੰਘ ਪੁੱਤਰ ਵੀਰ ਸਿੰਘ ਵਾਸੀ ਮੱਲ੍ਹੀਆਂ ਨੇ ਕੀਤੀ ਹੈ। ਜਦ ਮੈਂ ਪੁਲਸ ਨੂੰ ਇਤਲਾਹ ਦੇਣ ਜਾ ਰਿਹਾ ਸੀ ਤਾਂ ਉਕਤ ਵਿਅਕਤੀ ਬਾਲਮੀਕ ਚੌਕ ਨੇੜੇ ਜਾ ਰਿਹਾ ਸੀ ਤਾਂ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ ਤਾਂ ਪੁਲਸ ਨੇ ਕਾਬੂ ਕਰਕੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ਼ਬਦ ਗੁਰੂ ਸਮਾਗਮ

ਸੰਗਰੂਰ (ਪ੍ਰਵੀਨ ਸਿੰਘ) : ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਸ਼ਬਦ ਗੁਰੂ ਸਮਾਗਮ ਸਥਾਨਕ ਮਹਾਰਾਜਾ ਰਣਜੀਤ ਸਿੰਘ ਕਲੋਨੀ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਲਾਭ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਨਾਮ ਸਿੰਘ, ਹਰਕੀਰਤ ਕੌਰ ਦੀ ਦੇਖ ਰੇਖ ਹੇਠ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਸੰਗਤੀ ਪਾਠ ਨਾਲ ਕੀਤੀ ਗਈ। ਸੁਖਮੀਤ ਸਿੰਘ ਤੇ ਅਮਨਦੀਪ ਕੌਰ ਨੇ ਆਪਣੇ ਪੁੱਤਰ ਜੈਕਾਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸੀ ਗੁਰ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ। ਉਪਰੰਤ ਪ੍ਰੋ: ਹਰਵਿੰਦਰ ਕੌਰ ਸਕੱਤਰ ਜ਼ੋਨਲ ਇਸਤਰੀ ਕੌਂਸਲ ਨੇ ਭਗਤ ਰਵਿਦਾਸ ਜੀ ਦੇ ਜੀਵਨ, ਇਤਿਹਾਸ 'ਤੇ ਵਿਚਾਰ ਕਰਦਿਆਂ ਉਨ੍ਹਾ ਨਾਲ ਸੰਬੰਧਤ ਸਾਖੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਗੁਰਬਾਣੀ ਦੀ ਰੌਸ਼ਨੀ 'ਚੋਂ ਮਿਲਦੀਆਂ ਪ੍ਰੇਰਨਾਵਾਂ ਦਾ ਜ਼ਿਕਰ ਕੀਤਾ। ਹਰਕੀਰਤ ਕੌਰ ਅਤੇ ਸੁਰਿੰਦਰ ਪਾਲ ਸਿੰਘ ਸਿਦਕੀ ਦੇ ਜਥਿਆਂ ਨੇ ਰਸਭਿੰਨਾ ਕੀਰਤਨ ਕੀਤਾ। ਇਸ ਮੌਕੇ ਹਰਜੀਤ ਸਿੰਘ ਢੀਂਗਰਾ, ਪ੍ਰੋ: ਨਰਿੰਦਰ ਸਿੰਘ, ਅਮਨਦੀਪ ਕੌਰ, ਅਮਰਜੀਤ ਸਿੰਘ, ਰਣਜੀਤ ਸਿੰਘ, ਗੁਰਨਾਮ ਸਿੰਘ, ਜਗਮੀਤ ਸਿੰਘ, ਤਰਨਜੀਤ ਸਿੰਘ, ਲਾਲ ਸਿੰਘ ਆਦਿ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਇਸ ਸਮਾਗਮ ਵਿੱਚ ਮਨਜੀਤ ਸਿੰਘ, ਯਾਦਵਿੰਦਰ ਸਿੰਘ, ਰਘਬੀਰ ਸਿੰਘ, ਸੰਜੇ ਕੁਮਾਰ ਸਮੇਤ ਕਲੋਨੀ ਨਿਵਾਸੀ ਹਾਜ਼ਰ ਸਨ। ਇਸੇ ਲੜੀ ਵਿੱਚ ਸਥਾਨਕ ਪ੍ਰੇਮ ਬਸਤੀ ਵਿਖੇ ਗੁਰਜੰਟ ਸਿੰਘ ਰਾਹੀ, ਕੁਲਵੰਤ ਸਿੰਘ ਨਾਗਰੀ, ਹਰਜੀਤ ਸਿੰਘ, ਜਸਪ੍ਰੀਤ ਸਿੰਘ, ਪਰਮਜੀਤ ਕੌਰ, ਸੁਖਜੀਤ ਕੌਰ, ਸੰਦੀਪ ਕੌਰ ਦੀ ਦੇਖ ਰੇਖ ਹੇਠ ਸਮਾਗਮ ਹੋਇਆ। ਬਾਬਾ ਪਿਆਰਾ ਸਿੰਘ ਦੀ ਅਗਵਾਈ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਸੰਗਤੀ ਪਾਠ ਉਪਰੰਤ ਪ੍ਰੋ: ਹਰਵਿੰਦਰ ਕੌਰ ਨੇ ਕਥਾ ਵਿਚਾਰ ਕੀਤੀ। ਭਾਈ ਹਰਫੂਲ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਮਨਦੀਪ ਸਿੰਘ ਦੇ ਜਥਿਆਂ ਨੇ ਰਸਭਿੰਨਾ ਕੀਰਤਨ ਕੀਤਾ। ਇਸ ਸਮਾਗਮ ਲਈ ਹਰਭਜਨ ਸਿੰਘ ਭੱਟੀ, ਪ੍ਰੋ: ਨਰਿੰਦਰ ਸਿੰਘ, ਹਰਵਿੰਦਰ ਸਿੰਘ ਪੱਪੂ, ਅਮਨਦੀਪ ਕੌਰ, ਨਿਰਮਲ ਕੌਰ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਕੁਲਦੀਪ ਸਿੰਘ ਬਾਗੀ ਨੇ ਸਟੱਡੀ ਸਰਕਲ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਨਹੀਂ ਛੱਡਿਆ ਜਾ ਰਿਹਾ : ਬਿੱਲੂ

ਨਾਭਾ (ਵਰਿੰਦਰ ਵਰਮਾ) : ਦੇਸ਼ ਦੀ ਅਜ਼ਾਦੀ ਮੌਕੇ ਸਿੱਖਾਂ ਨੂੰ ਭਰੋਸੇ ਵਿੱਚ ਲੈ ਕੇ ਕੀਤੇ ਜਾ ਰਹੇ ਜ਼ੁਲਮ ਹੁਣ ਬਰਦਾਸ਼ਤ ਨਹੀਂ ਹੋਣਗੇ। ਇਹ ਵਿਚਾਰ ਗੁਰਦੁਆਰਾ ਅਕਾਲਗੜ੍ਹ ਸਾਹਿਬ ਨਾਭਾ ਵਿਖੇ ਪੰਜਾਬ ਦੇ ਸੀਨੀ. ਸ਼੍ਰੋਮਣੀ ਅਕਾਲੀ ਦਲ ਆਗੂ ਗੁਰਦਿਆਲ ਇੰਦਰ ਸਿੰਘ ਬਿੱਲੂ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾ ਕਿਹਾ ਕਿ ਇਤਿਹਾਸ ਦੇ ਪੰਨਿਆਂ 'ਚ ਇਹ ਗੱਲ ਜੱਗ ਜ਼ਾਹਰ ਹੈ ਕਿ ਅੰਗਰੇਜ਼ ਭਾਰਤ ਛੱਡਣ ਮੌਕੇ ਸਿੱਖਾਂ ਨੂੰ ਵੱਖਰਾ ਰਾਜ ਖਾਲਿਸਤਾਨ ਦੇਣਾ ਚਾਹੁੰਦੇ ਸਨ ਪਰ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਅਤੇ ਕੁਝ ਹੋਰ ਕਾਂਗਰਸ ਆਗੂਆਂ ਨੇ ਉਸ ਵੇਲੇ ਬਲਦੇਵ ਸਿੰਘ, ਮਾਸਟਰ ਤਾਰਾ ਸਿੰਘ ਆਦਿ ਸਿੱਖ ਆਗੂਆਂ ਨੂੰ ਮਿੱਠੇ ਪੋਚੇ ਮਾਰ ਕੇ ਭਰੋਸੇ 'ਚ ਲੈ ਕੇ ਵੱਡੇ ਵੱਡੇ ਵਾਅਦੇ ਕੀਤੇ ਕਿ ਤੁਹਾਨੂੰ ਅਲੱਗ ਖੁਦਮੁਖਤਿਆਰੀ ਖਿੱਤਾ ਭਾਵ ਇਲਾਕਾ ਧਰਤੀ ਦਾ ਟੁਕੜਾ ਰਾਜ ਕਰਨ ਲਈ ਦਿੱਤਾ ਜਾਵੇਗਾ, ਤੁਸੀਂ ਸਾਡੇ ਨਾਲ ਭਾਰਤ 'ਚ ਹੀ ਰਹੋ। ਇਸ ਤਰ੍ਹਾਂ ਕੋਝੀਆਂ ਚਾਲਾਂ ਨਾਲ ਗਾਂਧੀ ਤੇ ਨਹਿਰੂ ਨੇ ਖਾਲਿਸਤਾਨ ਨਹੀਂ ਬਣਨ ਦਿੱਤਾ। ਪਰ ਭਾਰਤ ਨੇ ਸਿੱਖਾਂ ਨੂੰ ਵੱਖਰਾ ਖੁਦਮੁਖਤਿਆਰ ਰਾਜ ਨਾ ਦਿੱਤਾ ਨਾ ਹੀ ਵੱਖਰੀ ਪਹਿਚਾਣ। ਅੱਜ ਵੀ ਆਰ ਐਸ ਐਸ ਵਾਲੇ ਸਿੱਖਾਂ ਨੂੰ ਕੇਸਧਾਰੀ ਹਿੰਦੂ ਕਹੀ ਜਾਂਦੇ ਹਨ। ਸਾਡੇ ਨਾਲ ਦੇਸ਼ ਦੀ ਵੰਡ ਵੇਲੇ ਬਹੁਤ ਵੱਡਾ ਧੋਖਾ ਹੋਇਆ। ਭਾਰਤ 'ਚ ਸਿੱਖਾਂ ਦੇ ਨਾਲ ਦੋਹਰੇ ਮਾਪਦੰਡ ਆਪਣਾਏ ਜਾ ਰਹੇ ਹਨ। ਭਾਰਤ ਦੇ ਪ੍ਰਧਾਨ ਰਹੇ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਤਾਂ ਫਾਂਸ਼ੀ ਦੀ ਸਜ਼ਾ ਮਾਫ ਕਰਕੇ ਰਿਹਾਅ ਕਰ ਦਿੱਤਾ ਗਿਆ ਪਰ ਵੱਖ-ਵੱਖ ਕੇਸਾਂ 'ਚ ਪੰਝੀ-ਪੰਝੀ ਤੀਹ-ਤੀਹ ਸਾਲ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਭਾਰਤ ਸਰਕਾਰ ਸਿੱਖਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਨਾ ਕਰੇ।

ਦਿਲ ਦਾ ਪੈਣ ਕਾਰਨ ਇੱਕਲੌਤੇ ਪੁੱਤ ਦੀ ਕੈਨੇਡਾ 'ਚ ਮੌਤ

ਬਰੇਟਾ (ਗੀਤਵਾਲ) : ਪੰਜਾਬ ਲਈ ਕੈਨੇਡਾ ਤੋਂ ਮੁੜ ਮਾੜੀ ਖਬਰ ਸਾਹਮਣੇ ਆਈ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਬਖਸ਼ੀਵਾਲਾ ਦੇ ਇੱਕ 19 ਸਾਲਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਕੈਨੇਡਾ (ਸਰੀ) 'ਚ ਮੌਤ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਨੌਜਵਾਨ ਦੇ ਮਾਪੇ ਜਨਵਰੀ ਮਹੀਨੇ ਹੀ ਖੁਸ਼ੀ-ਖੁਸ਼ੀ ਆਪਣੇ ਪੁੱਤ ਨੂੰ ਹਵਾਈ ਅੱਡੇ ਤੋਂ ਕੈਨੇਡਾ ਲਈ ਰਵਾਨਾ ਕਰਕੇ ਆਏ ਸਨ ਪਰ ਹੁਣ ਉਸ ਦੀ ਮੌਤ ਦੀ ਖਬਰ ਨੇ ਪਰਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜਾਣਕਾਰੀ ਅਨੁਸਾਰ ਗੁਰਜੋਤ ਸਿੰਘ (19) ਦੀ ਬੀਤੇ ਦਿਨ ਸੋਮਵਾਰ ਨੂੰ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ । ਨੌਜਵਾਨ ਦੇ ਕੈਨੇਡਾ ਜਾਣ ਸੰਬੰਧੀ ਅਜੇ ਪਰਵਾਰ ਦੇ ਚਾਅ ਵੀ ਪੂਰੇ ਨਹੀਂ ਸਨ ਹੋਏ ਕਿ ਪਰਵਾਰ ਕੋਲ ਉਸ ਦੀ ਮੌਤ ਦੀ ਖ਼ਬਰ ਆ ਗਈ। ਇਹ ਨੌਜਵਾਨ ਸਟੱਡੀ ਵੀਜ਼ੇ 'ਤੇ ਲਗਭਗ ਇੱਕ ਮਹੀਨਾ ਪਹਿਲਾਂ ਹੀ ਕੈਨੇਡਾ ਰਵਾਨਾ ਹੋਇਆ ਸੀ। ਪਰਵਾਰ ਨੂੰ ਹੁਣ ਨਾਲ ਰਹਿੰਦੇ ਮੁੰਡਿਆਂ ਤੋਂ ਉਸ ਮੌਤ ਦੀ ਖਬਰ ਮਿਲੀ ਹੈ। ਦੱਸਣਯੋਗ ਹੈ ਕਿ ਨੌਜਵਾਨ ਮਾਪਿਆਂ ਦਾ ਇਕਲੌਤਾ ਪੁੱਤਰ ਸੀ । ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਨੌਜਵਾਨ ਦੀ ਮ੍ਰਿਤਕ ਦੇਹ ਪੰਜਾਬ ਲਿਆਉਣ 'ਚ ਮਦਦ ਕੀਤੀ ਜਾਵੇ । ਮ੍ਰਿਤਕ ਨੌਜਵਾਨ ਆਪਣੇ ਪਿੱਛੇ ਮਾਤਾ ਪਿਤਾ ਛੱਡ ਗਿਆ ਹੈ । ਨੌਜਵਾਨ ਦੀ ਮੌਤ ਨੂੰ ਲੈ ਕੇ ਪੂਰੇ ਪਿੰਡ 'ਚ ਸੋਗ ਦੀ ਲਹਿਰ ਹੈ ।

ਹਸਪਤਾਲ 'ਚ ਸਟਾਫ ਲਿਆਉਣ ਅੱਗੇ ਦੂਜੇ ਦਿਨ ਵੀ ਧਰਨਾ ਜਾਰੀ

ਬਰੇਟਾ (ਗੀਤਵਾਲ) : ਅੱਜ ਦੂਜੇ ਦਿਨ ਵੀ ਦੋ ਪਿੰਡਾਂ ਕਾਹਨਗੜ੍ਹ ਅਤੇ ਬਖਸ਼ੀਵਾਲਾ ਹਸਪਤਾਲ 'ਚ ਸਟਾਫ ਨੂੰ ਲਿਆਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਗੇਟ ਧਰਨਾ ਜਾਰੀ ਰਿਹਾ । ਧਰਨੇ ਨੂੰ ਸੰਬੋਧਨ ਕਰਦਿਆਂ ਮੇਜਰ ਸਿੰਘ ਗੋਬਿੰਦਪੁਰਾ ਨੇ ਕਿਹਾ ਕਿ ਅੱਜ ਦੂਜੇ ਦਿਨ ਧਰਨਾ ਜਾਰੀ ਰਹਿਣ ਦੇ ਬਾਵਜੂਦ ਕੋਈ ਵੀ ਅਧਿਕਾਰੀ ਅਤੇ ਸਰਕਾਰ ਦਾ ਕੋਈ ਬੰਦਾ ਲੋਕਾਂ ਦੀ ਸਾਰ ਲੈਣ ਨਹੀਂ ਆਇਆ । ਜਿਹੜੀ ਸਰਕਾਰ ਕਹਿੰਦੀ ਸੀ ਕਿ ਸਰਕਾਰ ਤਾਂ ਪਿੰਡ ਦੀਆਂ ਸੱਥਾਂ 'ਚ ਚੱਲੂਗੀ ਅਤੇ ਦੋ ਦਿਨਾਂ ਤੋਂ ਕਿਸੇ ਨੇ ਕੋਈ ਵੀ ਗੱਲਬਾਤ ਨਹੀਂ ਪੁੱਛੀ । ਇਸ ਸਮੇਂ ਪ੍ਰਧਾਨ ਭੋਲਾ ਸਿੰਘ , ਸੈਕਟਰੀ ਭੋਲਾ ਸਿੰਘ ਕਾਹਨਗੜ੍ਹ, ਚਰਨਜੀਤ ਸਿੰਘ ਅਤੇ ਕੁਲਵੰਤ ਸਿੰਘ ਬਖਸ਼ੀਵਾਲਾ ਨੇ ਵੀ ਸੰਬੋਧਨ ਕੀਤਾ ।

ਨਹਿਰੂ ਯੁਵਾ ਕੇਂਦਰ ਬਰਨਾਲਾ ਨੇ ਵਰਕਸ਼ਾਪ ਕਰਵਾਈ

ਬਰਨਾਲਾ, (ਰਜਿੰਦਰ ਬਰਾੜ, ਰਾਕੇਸ਼ ਨੀਟਾ) : ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਅਦਾਰੇ ਨਹਿਰੂ ਯੁਵਾ ਕੇਂਦਰ ਬਰਨਾਲਾ ਵਲੋਂ ਵਾਈ ਐਸ ਕਾਲਜ ਦੇ ਸਹਿਯੋਗ ਨਾਲ ਸਾਫਟ ਸਕਿੱਲਜ਼ ਸੰਬੰਧੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਯੂਥ ਅਫਸਰ ਮੈਡਮ ਓਮਕਾਰ ਸਵਾਮੀ ਨੇ ਦੱਸਿਆ ਕਿ ਸਾਫਟ ਸਕਿੱਲਜ਼ ਸੰਬੰਧੀ ਵਰਕਸ਼ਾਪ ਲਗਾਉਣ ਦਾ ਮੁਖ ਉਦੇਸ਼ ਨੌਜਵਾਨਾਂ 'ਚ ਵਿਸ਼ੇਸ਼ ਹੁਨਰ ਪੈਦਾ ਕਰਨਾ ਹੈ ਜੋ ਕਿ ਅੱਜ ਦੇ ਸਮੇਂ 'ਚ ਬਹੁਤ ਜ਼ਰੂਰੀ ਹੈ। ਵਰਕਸ਼ਾਪ 'ਚ ਲਗਭਗ 60 ਬੱਚਿਆਂ ਨੇ ਭਾਗ ਲਿਆ। ਇਸ ਵਰਕਸ਼ਾਪ 'ਚ ਨੌਜਵਾਨਾਂ ਨੂੰ ਭਾਸ਼ਣ ਦੇਣਾ, ਜ਼ੁਬਾਨੀ ਅਤੇ ਗੈਰ ਜ਼ੁਬਾਨੀ ਸੰਚਾਰ, ਇੰਟਰਵਿਊ ਦੇਣ ਦੇ ਤੌਰ ਤਰੀਕੇ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਵਰਕਸ਼ਾਪ ਵਿੱਚ ਬੁਲਾਰੇ ਦਿਪੇਸ਼ ਕੁਮਾਰ ਨੇ ਨੌਜਵਾਨਾਂ ਨਾਲ ਭਾਸ਼ਣ ਦੇਣ ਸੰਬੰਧੀ ਨੁਕਤੇ ਸਾਂਝੇ ਕੀਤੇ । ਸੋਮਯ ਘੋਸ਼ ਵਲੋਂ ਜ਼ੁਬਾਨੀ ਅਤੇ ਗੈਰ ਜ਼ੁਬਾਨੀ ਸੰਚਾਰ ਬਾਰੇ ਵਿਚਾਰ ਚਰਚਾ ਕੀਤੀ ਗਈ। ਟਿਆਸ਼ਾ ਭੱਟਾਚਾਰੀਆ ਵਲੋਂ ਇੰਟਰਵਿਊ 'ਚ ਬੈਠਣ ਅਤੇ ਬੋਲਚਾਲ ਦੇ ਤੌਰ ਤਰੀਕਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ ਗਈ। ਡਾ. ਗੁਰਪਾਲ ਸਿੰਘ ਰਾਣਾ ਵੱਲੋਂ ਗਰੁੱਪ ਡਿਸਕਸ਼ਨ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਨਹਿਰੂ ਯੁਵਾ ਕੇਂਦਰ ਵੱਲੋਂ ਕਰਵਾਏ ਇਸ ਪ੍ਰੋਗਰਾਮ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਨਵਰਾਜ ਸਿੰਘ, ਰਘਵੀਰ ਸਿੰਘ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

ਕੁੱਟਮਾਰ ਦੇ ਦੋਸ਼ ਹੇਠ 6 ਵਿਅਕਤੀਆਂ 'ਤੇ ਮਾਮਲਾ ਦਰਜ

ਮਲੋਟ, (ਗੁਰਮੀਤ ਸਿੰਘ ਮੱਕੜ) ਥਾਣਾ ਸਿਟੀ ਪੁਲਿਸ ਨੇ ਪੈਸਿਆਂ ਦੇ ਲੈਣ-ਦੇਣ ਦੀ ਰੰਜ਼ਿਸ਼ ਨੂੰ ਲੈਕੇ ਕੁੱਟਮਾਰ ਕਰਨ ਦੇ ਦੋਸ਼ ਹੇਠ 6 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਪਰਮਜੀਤ ਕੌਰ ਵਾਸੀ ਨੇੜੇ ਸੱਚਾ ਸੌਦਾ ਰੋਡ ਨੇ ਦੱਸਿਆ ਕਿ ਉਸਦਾ ਲੜਕੇ ਪ੍ਰਦੀਪ ਕੁਮਾਰ ਨੇ ਬਲਵਿੰਦਰ ਸਿੰਘ ਵਾਸੀ ਸੱਚਾ ਸੌਦਾ ਰੋਡ ਤੋਂ ਪੈਸੇ ਲੈਣੇ ਸੀ ਤੇ ਉਨ੍ਹਾਂ ਵਲੋਂ ਉਕਤ ਵਿਅਕਤੀ ਨੂੰ ਪੈਸੇ ਵੀ ਛੱਡ ਦਿੱਤੇ ਸੀ। ਉਸ ਦੇ ਲੜਕੇ ਵੱਲੋਂ ਕਿਸੇ ਨੂੰ ਕਿਹਾ ਗਿਆ ਸੀ ਕਿ ਪੈਸੇ ਦਿਵਾ ਦਿਓ, ਪ੍ਰੰਤੂ ਉਨ੍ਹਾਂ ਵਲੋਂ ਪੈਸੇ ਨਹੀਂ ਦਿੱਤੇ ਗਏ, ਜਿਸ ਉਪਰੰਤ ਉਸਦਾ ਲੜਕਾ ਕੰਮ ਤੋਂ ਘਰ ਆਇਆ ਤਾਂ ਜਤਿੰਦਰ ਸਿੰਘ, ਗੁਰਦਾਪ ਸਿੰਘ, ਲੱਕੀ, ਗੋਪੀ ਅਤੇ 2 ਅਣਪਛਾਤੇ ਵਿਅਕਤੀਆਂ ਵਲੋਂ ਪੈਸਿਆਂ ਦੇ ਲੈਣ-ਦੇਣ ਦੀ ਰੰਜ਼ਿਸ਼ ਨੂੰ ਲੈ ਕੇ ਉਨ੍ਹਾਂ ਦੇ ਘਰ ਅੰਦਰ ਵੜ ਕੇ ਉਸਦੀ ਤੇ ਉਸਦੇ ਲੜਕੇ ਦੀ ਕੁੱਟਮਾਰ ਕੀਤੀ ਗਈ। ਪੁਲਸ ਨੇ ਉਕਤ ਵਿਅਕਤੀਆਂ ਮੁਕੱਦਮਾ ਨੰ. 29 ਧਾਰਾ 452, 323, 148, 149 ਆਈ.ਪੀ.ਸੀ. ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਲ ਸਪਲਾਈ ਕਾਮਿਆਂ ਵੱਲੋਂ ਦਿੱਤਾ ਜਾਵੇਗਾ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ

ਜਲਾਲਾਬਾਦ, (ਜੀਤ ਕੁਮਾਰ) ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਫੀਲਡ ਤੇ ਦਫ਼ਤਰਾਂ 'ਚ ਪਿਛਲੇ 10-15 ਸਾਲ ਤੋਂ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨ ਲਿਸਟਮੈਂਟ/ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਾਉਣ ਸਮੇਤ ਮੰਗ-ਪੱਤਰ 'ਚ ਦਰਜ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਉਕਤ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਦੀ ਗਠਿਤ ਸਬ-ਕਮੇਟੀ ਮੈਂਬਰ-ਕਮ-ਮੰਤਰੀਆਂ ਦੇ ਖਿਲਾਫ ਸ਼ੁਰੂ ਕੀਤੇ ਸੰਘਰਸ਼ ਤਹਿਤ 8 ਫਰਵਰੀ ਨੂੰ ਅਜਨਾਲਾ ਵਿਖੇ ਕੈਬਨਿਟ ਮੰਤਰੀ ਸ੍

9-Feb-PAGE-3.qxd 2/8/2023 10:53 PM Page 1

ਜਨਵਰੀ ਮਹੀਨੇ ਦਾ ਮੋਬਾਇਲ ਭੱਤਾ ਕੱਟਣ ਖਿਲਾਫ ਅਧਿਆਪਕਾਂ 'ਚ ਰੋਸ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਉਂਦੇ ਬਹੁ ਗਿਣਤੀ ਅਧਿਆਪਕਾਂ ਅਤੇ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਤੇ ਨਾਨ ਟੀਚਿੰਗ ਸਟਾਫ ਨੂੰ ਜਨਵਰੀ ਮਹੀਨੇ ਦੀ ਤਨਖਾਹ ਦੇਣ ਲਈ, ਸਕੂਲਾਂ ਅਤੇ ਸਿੱਖਿਆ ਦਫਤਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਬਜਟ ਨਾ ਭੇਜਣ ਕਾਰਨ, ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਡੈਮੋਕਰੇਟਿਕ ਟੀਚਰਜ਼ ਫਰੰਟ (ਡੀ.ਟੀ.ਐਫ.) ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ, ਨਛੱਤਰ ਸਿੰਘ ਮੁਗਲ ਚੱਕ, ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਚੱਕ ਮਹਿਰ, ਜਥੇਬੰਦਕ ਸਕੱਤਰ ਸਰਬਜੀਤ ਸਿੰਘ ਕਾਜੀਕੋਟ, ਵਿੱਤ ਸਕੱਤਰ ਅਮਰਦੀਪ ਸ਼ਰਮਾ ਅਤੇ ਪ੍ਰੈੱਸ ਸਕੱਤਰ ਬਲਵਿੰਦਰ ਸਿੰਘ ਨੇ ਸਰਕਾਰ ਵੱਲੋਂ ਮੁਲਾਜਮਾਂ ਦੀਆਂ ਤਨਖਾਹਾਂ ਸਬੰਧੀ ਬਜਟ ਜਾਰੀ ਨਾ ਕਰਨ ਦੀ ਨਿਖੇਧੀ ਕਰਦਿਆਂ ਦੱਸਿਆ ਕਿ ਪੰਜਾਬ ਦੇ ਬਹੁ ਗਿਣਤੀ ਪ੍ਰਾਇਮਰੀ ਸਕੂਲਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਜਨਵਰੀ-2023 ਮਹੀਨੇ ਦੀਆਂ ਤਨਖਾਹਾਂ ਕਢਾਉਣ ਲਈ ਕੋਈ ਵੀ ਬਜਟ ਪ੍ਰਾਪਤ ਨਹੀਂ ਹੋਇਆ ਹੈ, ਜਿਸ ਕਾਰਣ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਮਿਲ ਸਕੀਆਂ। ਜ਼ਿਕਰਯੋਗ ਹੈ ਕਿ ਪਿਛਲੀਆਂ ਸਰਕਾਰਾਂ ਵਾਂਗ ਇਸ ਸਰਕਾਰ ਵੱਲੋਂ ਵੀ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਸਬੰਧੀ ਕੋਈ ਠੋਸ ਉਪਰਾਲਾ ਨਾ ਕਰਕੇ ਤਨਖਾਹਾਂ ਜਾਰੀ ਕਰਨ ਵਿੱਚ ਦੇਰੀ ਕੀਤੀ ਜਾ ਰਹੀ ਹੈ, ਜਿਸ ਕਾਰਨ ਬੈਂਕਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਸਮੇਂ ਸਿਰ ਨਾ ਭਰੀਆਂ ਜਾਣ ਕਾਰਣ ਮੁਲਾਜ਼ਮਾਂ ਤੇ ਬੈਂਕਾਂ ਵੱਲੋਂ ਜੁਰਮਾਨੇ ਪਾਏ ਜਾਂਦੇ ਹਨ ਅਤੇ ਸਰਕਾਰ ਦੀ ਇਸ ਬਦਇੰਤਜ਼ਾਮੀ ਦਾ ਬੋਝ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਨੂੰ ਝੱਲਣਾ ਪੈ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਜ਼ਿਲ੍ਹਾ ਖਜਾਨਾ ਦਫਤਰਾਂ ਵੱਲੋਂ ਦਸੰਬਰ ਅਤੇ ਜਨਵਰੀ ਦੀਆਂ ਛੁੱਟੀਆਂ ਨੂੰ ਇੱਕੋ ਮਹੀਨੇ ਵਿੱਚ ਸ਼ਾਮਲ ਕਰਦਿਆਂ ਜਨਵਰੀ ਮਹੀਨੇ ਦਾ ਮੋਬਾਇਲ ਭੱਤਾ ਦੇਣ ਤੋਂ ਰੋਕਣ ਪ੍ਰਤੀ ਅਧਿਆਪਕਾਂ ਵਿੱਚ ਰੋਸ ਦੀ ਲਹਿਰ ਹੈ। ਉਨ੍ਹਾਂ ਦੱਸਿਆ ਕਿ ਇੱਕ ਪਾਸੇ ਅਧਿਆਪਕਾਂ ਨੂੰ ਵਿਦਿਆਰਥੀਆਂ ਨਾਲ ਫੋਨ ਤੇ ਰਾਬਤਾ ਬਣਾ ਕੇ ਰੱਖਣ, ਮਿਸ਼ਨ ਸਤ ਪ੍ਰਤੀਸ਼ਤ ਲਈ ਵਿਦਿਆਰਥੀਆਂ ਨੂੰ ਸਵੇਰੇ ਫੋਨ ਕਰਕੇ ਉਠਾਉਣ ਅਤੇ ਆਨਲਾਈਨ ਕਲਾਸਾਂ ਲਗਾਉਣ ਦੇ ਹੁਕਮ ਚਾੜ੍ਹੇ ਗਏ, ਦੂਜੇ ਪਾਸੇ ਇਸ ਦੇ ਬਦਲੇ ਅਧਿਆਪਕਾਂ ਦਾ ਮੋਬਾਇਲ ਭੱਤਾ ਕੱਟਣਾ ਬਹੁਤ ਹੀ ਘਟੀਆ ਹਰਕਤ ਹੈ। ਉਨ੍ਹਾਂ ਮੰਗ ਕੀਤੀ ਕਿ ਸਿੱਖਿਆ ਵਿਭਾਗ ਦੇ ਸਕੂਲਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਲਈ ਬਜਟ ਅਤੇ ਅਧਿਆਪਕਾਂ ਦਾ ਜਨਵਰੀ ਮਹੀਨੇ ਦਾ ਮੋਬਾਇਲ ਭੱਤਾ ਤੁਰੰਤ ਜਾਰੀ ਕੀਤਾ ਜਾਵੇ। ਇਸ ਮੌਕੇ ਡੈਮੋਕਰੇਟਿਕ ਟੀਚਰ ਫਰੰਟ ਦੇ ਆਗੂ ਬਲਰਾਜ ਸਿੰਘ ਕੱਦ ਗਿੱਲ , ਗੁਲਜ਼ਾਰ ਸਿੰਘ ਲੌਹਕਾ, ਕਰਨਦੀਪ ਸਿੰਘ, ਭੁਪਿੰਦਰ ਸਿੰਘ ਨਾਗੀ, ਗਗਨਦੀਪ ਸਿੰਘ ਕੱਕੜ, ਰਾਜਵਿੰਦਰ ਕੌਰ ਜੰਡੋਕੇ, ਬਲਵਿੰਦਰ ਕੌਰ, ਪ੍ਰਭਜੋਤ ਕੌਰ, ਜਸਕੀਰਤ ਸਿੰਘ ਪਹੁਵਿੰਡ, ਪ੍ਰਿੰਸਦੀਪ ਸਿੰਘ, ਜਰਮਨਜੀਤ ਸਿੰਘ ਸ਼ਫੀਪੁਰ ਹਾਜ਼ਰ ਹੋਏ।

ਵਿੱਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ 'ਚ ਪੰਚਾਇਤ ਸਕੱਤਰ ਗ੍ਰਿਫ਼ਤਾਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਬੁੱਧਵਾਰ ਨੂੰ ਤਰਨਤਾਰਨ ਜ਼ਿਲ੍ਹੇ ਦੇ ਬਲਾਕ ਵਲਟੋਹਾ, ਜ਼ਿਲ੍ਹਾ ਤਰਨਤਾਰਨ ਵਿੱਚ ਤਾਇਨਾਤ ਪੰਚਾਇਤ ਸਕੱਤਰ ਹਰਦਿਆਲ ਸਿੰਘ ਵਾਸੀ ਪਿੰਡ ਦਾਸੂਵਾਲ, ਜ਼ਿਲਾ ਤਰਨਤਾਰਨ ਨੂੰ ਉਸ ਦੀ ਆਮਦਨ ਦੇ ਜਾਣੂ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੰਚਾਇਤ ਸਕੱਤਰ ਖਿਲਾਫ ਭ੍ਰਿਸ਼ਟਾਚਾਰ ਰਾਹੀਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਲੱਗੇ ਦੋਸ਼ਾਂ ਸਬੰਧੀ ਵਿਜੀਲੈਂਸ ਜਾਂਚ ਦੀ ਪੜਤਾਲ ਉਪਰੰਤ ਇਹ ਕੇਸ ਦਰਜ ਕੀਤਾ ਗਿਆ ਹੈ। ਹੋਰ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਜਾਂਚ ਦੌਰਾਨ ਇਸ ਬਾਰੇ ਸਾਲਾਂ ਦੀ ਮਿਥੀ ਹੋਈ ਮਿਆਦ ਦੌਰਾਨ ਉਸਦੀ ਕੁੱਲ ਆਮਦਨ 47,65,188 ਰੁਪਏ ਸੀ ਅਤੇ ਕੁੱਲ ਖਰਚਾ 1,06,98,926 ਰੁਪਏ ਪਾਇਆ ਗਿਆ। ਇਸ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਚੈੱਕ ਪੀਰੀਅਡ ਦੌਰਾਨ ਪ੍ਰਾਪਤ ਹੋਈ ਆਮਦਨ ਦੇ ਮੁਕਾਬਲੇ ਮੁਲਜ਼ਮ ਵੱਲੋਂ ਕੀਤੇ ਗਏ ਕੁੱਲ ਖਰਚੇ ਵਿੱਚ 59,33,738 ਰੁਪਏ ਦਾ ਵੱਧ ਖਰਚਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਹਰਦਿਆਲ ਸਿੰਘ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਦਾ ਵਫਦ ਭੁੱਲਰ ਨੂੰ ਮਿਲਿਆ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਪੱਟੀ ਦਾ ਇੱਕ ਵਫਦ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮਿਲਿਆ ਜਿਨ੍ਹਾਂ ਕੁਝ ਮੰਗਾਂ ਰੱਖੀਆਂ ਜਿਨ੍ਹਾਂ 'ਚ ਡਾਕਟਰ ਸੁਦਰਸ਼ਨ ਕੁਮਾਰ ਤ੍ਰੇਹਨ ਯਾਦਗਾਰੀ ਕਾਲਜ ਰੋਡ ਪੱਟੀ ਵਿਖੇ ਦਰੱਖਤਾਂ ਦੇ ਉਪਰ ਦੀ ਲੰਘਦੀਆਂ ਹਾਈ ਵੋਲਟੇਜ ਤਾਰਾਂ ਨੂੰ ਹਟਾਉਣਾ। ਮੰਤਰੀ ਨੇ ਇਸ ਸਮੱਸਿਆ ਨੂੰ ਮੌਕੇ 'ਤੇ ਬਿਜਲੀ ਬੋਰਡ ਦੇ ਧਿਆਨ ਵਿੱਚ ਲਿਆਂਦਾ । ਐਕਸੀਅਨ ਪਾਵਰਕਾਮ ਨੇ ਕੈਬਨਿਟ ਮੰਤਰੀ ਨੂੰ ਵਿਸ਼ਵਾਸ ਦਿਵਾਇਆ ਕਿ ਹਾਈ ਵੋਲਟੇਜ ਤਾਰਾਂ ਜਲਦੀ ਤੋਂ ਜਲਦੀ ਪਾਰਕ ਵਿੱਚੋਂ ਪਾਸੇ ਕੀਤੀਆਂ ਜਾਣਗੀਆਂ। ਇਸ ਮੌਕੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਪੱਟੀ ਵੱਲੋਂ ਲਾਲਜੀਤ ਸਿੰਘ ਭੁੱਲਰ ਨੂੰ ਮੀਮੈਂਟੋ ਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਪੱਟੀ ਦੇ ਮੈਂਬਰ ਦਰਸ਼ਨ ਸਿੰਘ ਇੰਸਪੈਕਟਰ ਪੰਜਾਬ ਪੁਲਸ ਰਿਟਾਇਰ ਪ੍ਰਧਾਨ ਆਰ. ਪੀ. ਸਿੰਘ, ਹਕੂਮਤ ਰਾਏ ਹਰਬੰਸ ਲਾਲ, ਬੀਰ ਮਸੀਹ ਇੰਸਪੈਕਟਰ ਪੰਜਾਬ ਰੋਡਵੇਜ਼ ਜਗਦੀਸ਼ ਸਿੰਘ ਅਤੇ ਸੁਰਿੰਦਰ ਸਿੰਘ ਮਿੱਠੂ ਹਾਜ਼ਰ ਸਨ।

ਵਿਧਵਾ ਤੇ ਉਸ ਦੀ ਸੋ ਫੀਸਦੀ ਅੰਗਹੀਣ ਲੜਕੀ ਦੀ ਕੌਣ ਫੜੂ ਬਾਂਹ!

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)

ਇਥੋ ਨੇੜਲੇ ਪਿੰਡ ਚੰਬਾ ਕਲਾਂ ਦੀ ਅੱਤ ਗਰੀਬ ਰਾਣੀ ਕੌਰ ਵਿਧਵਾ ਬਲਬੀਰ ਸਿੰਘ ਤੇ ਉਸ ਦੀ 32 ਸਾਲਾ ਸੋ ਫੀਸਦੀ ਅੰਗਹੀਣ ਲੜਕੀ ਸੰਦੀਪ ਕੌਰ ਨੇ ਕੇਂਦਰ ਤੇ ਪੰਜਾਬ ਸਰਕਾਰ, ਧਾਰਮਿਕ ਸ਼ਖਸੀਅਤਾਂ ਤੇ ਸਮੂਹ ਨਾਨਕ ਨਾਮ ਲੇਵਾ ਸੱਜਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਘਰ ਵਿੱਚ ਕੋਈ ਕਮਾਊ ਨਾ ਹੋਣ ਕਾਰਨ ਦੋ ਵੇਲੇ ਦੀ ਰੋਟੀ ਤੋਂ ਵੀ ਉਹ ਆਤੁਰ ਹਨ। ਸਿਰਫ ਰੱਬ ਆਸਰੇ ਹੀ ਜਾ ਲੋਕਾਂ ਦੇ ਘਰਾਂ ਵਿੱਚ ਮਿਹਨਤ ਮਜ਼ਦੂਰੀ ਮਿਲਣ 'ਤੇ ਮਾਂ ਆਪਣੀ ਧੀ ਨੂੰ ਰੁੱਖੀ-ਮਿੱਸੀ ਖਾ ਕੇ ਗੁਜ਼ਾਰਾ ਕਰਵਾ ਦਿੰਦੀ ਹੈ। ਉਨ੍ਹਾਂ ਦੀ ਤਰਸਯੋਗ ਹਾਲਤ ਬਾਰੇ ਜਦੋਂ ਪੱਤਰਕਾਰਾਂ ਨੂੰ ਪਤਾ ਲੱਗਿਆ ਤਾਂ ਮੌਕੇ 'ਤੇ ਵੇਖਿਆਂ ਕਿ ਵਿਧਵਾ ਔਰਤ ਦੀ ਅੰਗਹੀਣ ਲੜਕੀ ਚੱਲਣ ਫਿਰਨ ਤੋਂ ਅਸਮਰੱਥ ਸੀ। ਵਿਧਵਾ ਰਾਣੀ ਕੌਰ ਨੇ ਬੜੇ ਭਰੇ ਹੋਏ ਮਨ ਨਾਲ ਦੱਸਿਆ ਤੇ ਵਿਖਾਇਆ ਕਿ ਜਿਸ ਜਗ੍ਹਾ ਤੇ ਉਹੋ ਦੋਵੇਂ ਰਹਿ ਰਹੀਆਂ ਹਨ ਉਸਦੀ ਛੱਤ ਵੀ ਡਿੱਗ ਰਹੀ ਹੈ। ਉਸ ਨੇ ਦੱਸਿਆ ਕਿ ਅਜੇ ਤੱਕ ਉਨ੍ਹਾਂ ਨੂੰ ਸਿਰਫ ਇੱਕ ਟਰਾਈ-ਸਾਈਕਲ ਤੋਂ ਬਿਨਾਂ ਕੋਈ ਸਰਕਾਰੀ ਸਹਾਇਤਾ ਜਾਂ ਸਰਕਾਰੀ ਪੱਕਾ ਮਕਾਨ ਨਹੀਂ ਮਿਲਿਆ। ਬਦਨਸੀਬ ਮਾਵਾਂ-ਧੀਆਂ ਵਲੋਂ ਕੇਂਦਰ ਤੇ ਪੰਜਾਬ ਸਰਕਾਰ ਤੇ ਦਾਨੀ ਸੱਜਣਾਂ ਨੂੰ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਹੈ ਕਿ ਉਨ੍ਹਾਂ ਨੂੰ ਪੱਕਾ ਮਕਾਨ, ਬਾਥਰੂਮ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਕੇ ਉਨ੍ਹਾਂ ਦੀ ਜਿਊਂਦੇ ਜੀਅ ਮਦਦ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪੰਜਾਬ ਨੈਸ਼ਨਲ ਬੈਂਕ ਚੋਹਲਾ ਸਾਹਿਬ ਵਿੱਚ ਖਾਤਾ ਨੰਬਰ 3418001700014993 ਹੈ ਜਿਸਦਾ ਆਈ, ਐੱਫ, ਐੱਸ, ਸੀ. ਕੋਡ 0343180 ਹੈ। ਉਨ੍ਹਾਂ ਦਾ ਫੋਨ ਨੰਬਰ 9501128416 ਹੈ। ਇਸ ਖਾਤੇ ਰਾਹੀਂ ਦਾਨੀ ਸੱਜਣ ਸਰਦੀ ਬਣਦੀ ਮਦਦ ਕਰ ਸਕਦੇ ਹਨ।

ਸੂਬੇ ਦੇ ਉਦਯੋਗ ਤੇ ਵਣਜ ਨੂੰ ਹੁਲਾਰਾ ਦੇਵੇਗੀ ਸਰਕਾਰ ਦੀ ਨਵੀਂ ਉਦਯੋਗਿਕ ਨੀਤੀ : ਸੇਖਵਾਂ

ਗੁਰਦਾਸਪੁਰ, (ਜਨਕ ਮਹਾਜਨ)

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਉਦਯੋਗ ਅਤੇ ਵਣਜ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਲਈ ਨਵੀਂ ਉਦਯੋਗਿਕ ਨੀਤੀ ਲਾਗੂ ਕੀਤੀ ਹੈ। ਰਾਜ ਸਰਕਾਰ ਵੱਲੋਂ ਇਹ ਨੀਤੀ ਸਾਰੇ ਭਾਈਵਾਲਾਂ ਖਾਸ ਕਰਕੇ ਉਦਯੋਗਪਤੀਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤੀ ਗਈ ਹੈ ਅਤੇ ਇਸ ਨਵੀਂ ਉਦਯੋਗਿਕ ਨੀਤੀ ਦੇ ਸਦਕਾ ਸੂਬੇ ਵਿੱਚ ਉਦਯੋਗਿਕ ਕ੍ਰਾਂਤੀ ਦਾ ਮੁੱਢ ਬੱਝੇਗਾ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਰਾਜ ਸਰਕਾਰ ਪੰਜਾਬ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਨ ਵਾਲੇ ਨਵੇਂ ਉਦਯੋਗਾਂ ਅਤੇ ਨਿਵੇਸ਼ਕਾਂ ਨੂੰ ਅਨੁਕੂਲ ਮਾਹੌਲ ਦੇਣ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਵੀਂ ਉਦਯੋਗਿਕ ਨੀਤੀ ਸਬੰਧੀ ਜੇਕਰ ਕੋਈ ਉਦਯੋਗਪਤੀ ਜਾਂ ਮਾਹਿਰ ਹੋਰ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਸਰਕਾਰ ਵੱਲੋਂ ਉਸਦਾ ਦਾ ਵੀ ਸਵਾਗਤ ਕੀਤਾ ਜਾਵੇਗਾ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸੂਬੇ ਵਿੱਚ ਸਨਅਤੀ ਨਿਵੇਸ਼ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 23 ਤੇ 24 ਫਰਵਰੀ ਨੂੰ ਮੁਹਾਲੀ ਵਿਖੇ 'ਨਿਵੇਸ਼ ਪੰਜਾਬ ਸੰਮੇਲਨ-2023' ਕਰਵਾਇਆ ਜਾ ਰਿਹਾ ਹੈ ਜਿਸ ਵਿਚ ਦੁਨੀਆ ਭਰ ਤੋਂ ਵੱਡੇ ਉਦਯੋਗਪਤੀ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਵੱਡੇ ਨਿਵੇਸ਼ ਲਈ ਦੁਨੀਅਓ ਦੁਨੀਆਂ ਸਾਹਮਣੇ 'ਬ੍ਰਾਂਡ ਪੰਜਾਬ' ਨੂੰ ਉਭਾਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਜ਼ਿਲ੍ਹਾ ਗੁਰਦਾਸਪੁਰ ਦੇ ਸਨਅਤਕਾਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵੀ 'ਨਿਵੇਸ਼ ਪੰਜਾਬ ਸੰਮੇਲਨ-2023' ਵਿੱਚ ਸ਼ਿਰਕਤ ਕਰਨ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਅੱਗੇ ਕਿਹਾ ਕਿ ਦੁਨੀਆ ਭਰ ਵਿਚ ਪੰਜਾਬੀਆਂ ਨੂੰ ਉਨ੍ਹਾਂ ਦੀ ਸਖਤ ਮਿਹਨਤ ਅਤੇ ਉੱਦਮੀ ਗੁਣਾਂ ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਉੱਦਮੀਆਂ ਨੇ ਆਲਮੀ ਪੱਧਰ ਉਤੇ ਆਪਣੀ ਕਾਬਲੀਅਤ ਨੂੰ ਸਿੱਧ ਵੀ ਕੀਤਾ ਹੈ ਅਤੇ ਹੁਣ ਦੁਨੀਆ ਅੱਗੇ ਸੂਬੇ ਦੀ ਅਥਾਹ ਸਮਰੱਥਾ ਦਾ ਪ੍ਰਗਟਾਵਾ ਕਰਨ ਦਾ ਸਮਾਂ ਆ ਚੁੱਕਾ ਹੈ। ਉਨਾਂ ਕਿਹਾ ਕਿ ਸੂਬੇ ਨੂੰ ਦੇਸ਼ ਦਾ ਸਨਅਤੀ ਧੁਰਾ ਬਣਾਉਣਾ ਸਮੇਂ ਦੀ ਲੋੜ ਹੈ। ਸ. ਸੇਖਵਾਂ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਉਦਯੋਗਿਕ ਵਿਕਾਸ ਵਿਚ ਮੋਹਰੀ ਸੂਬਾ ਬਣ ਕੇ ਉਭਰੇਗਾ।

ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰੀ ਮੀਟਿੰਗ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)

ਪੰਜਾਬ ਰਾਜ ਬਿਜਲੀ ਬੋਰਡ ਆਲ ਕੇਡਰ ਪੈਨਸ਼ਨਰਜ਼ ਐਸੋਸੀਏਸ਼ਨ ਅਜਨਾਲਾ ਮੰਡਲ, ਯੂਨਿਟ ਦੀ ਮੀਟਿੰਗ ਸ਼ਹੀਦ ਕਾਲਿਆਂ ਵਾਲਿਆਂ ਖੂਹ ਗੁਰਦਵਾਰਾ ਸਾਹਿਬ ਸਿੰਘ ਸਭਾ ਅਜਨਾਲਾ ਵਿਖੇ ਸੋਮਨਾਥ ਮਰਵਾਹ ਪ੍ਰਧਾਨ, ਮਲਕੀਅਤ ਸਿੰਘ ਸਕੱਤਰ ਦੀ ਦੇਖ-ਰੇਖ ਹੇਠ ਕੀਤੀ ਗਈ। ਭਾਰੀ ਗਿਣਤੀ ਵਿਚ ਪੈਨਸ਼ਨਰਾਂ ਨੇ ਭਾਗ ਲਿਆ। ਮੀਟਿੰਗ ਨੂੰ ਪੈਨਸ਼ਨਰ ਆਗੂ ਬਲਦੇਵ ਸਿੰਘ, ਸੋਮਨਾਥ, ਮਲਕੀਅਤ ਸਿੰਘ, ਰਮੇਸ਼ ਕੁਮਾਰ, ਹਰਭਜਨ ਸਿੰਘ ਝੰਜੋਟੀ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੇ ਪਾਵਰਕਾਮ ਤੋਂ ਘਰੇਲੂ ਬਿਜਲੀ ਦੀ ਰਿਆਇਤ, ਮੈਡੀਕਲ ਭੱਤਾ 2500 ਰੁਪਏ ਕਰਨ, 23 ਸਾਲਾ ਸਕੇਲ ਬਿਨਾਂ ਸ਼ਰਤ ਹਰੇਕ ਪੈਨਸ਼ਨਰ ਨੂੰ ਦੇਣ, 31-12-05 ਦੇ ਪਹਿਲੇ ਪੈਨਸ਼ਨਰ ਨੂੰ ਪੈ ਬੈਂਡ ਦੇਣ, ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕਰਨ, ਡੀਏ ਦੀਆਂ ਕਿਸ਼ਤਾਂ ਦਾ ਪਿਛਲਾ ਬਕਾਏ ਬਾਰੇ ਪੱਤਰ ਜਾਰੀ ਕਰਨ, ਕੇਂਦਰ ਸਰਕਾਰ ਦੀ ਤਰਜ਼ ਤੇ 1-7-22 ਤੋਂ 34 ਤੋਂ 38% ਡੀਏ ਦੀ ਕਿਸ਼ਤ ਬਾਰੇ ਪੱਤਰ ਜਾਰੀ ਕਰਕੇ ਬਣਦਾ ਏਰੀਅਰ ਦੇਣ ਬਾਰੇ, 31-12-15 ਦੇ ਪਹਿਲੇ ਪੈਨਸ਼ਨਰਾਂ ਨੂੰ 2.59 ਫੈਕਟਰ ਪੈਨਸ਼ਨ ਫਿਕਸ ਕਰਕੇ 1-1-16 ਤੋਂ 30-6-21 ਤੱਕ ਬਕਾਇਆ ਦੇਣ ਬਾਰੇ ਮੰਗਾਂ ਰੱਖੀਆਂ। ਇਸ ਮੌਕੇ ਹਰਬੰਸ ਸਿੰਘ, ਅਜੀਤ ਸਿੰਘ, ਬਲਵਿੰਦਰ ਸਿੰਘ ਛੀਨਾ, ਗੁਰਸੇਵਕ ਸਿੰ

9-Feb-PAGE-4-2.qxd 2/8/2023 11:00 PM Page 1

ਨਵਾਂ ਜ਼ਮਾਨਾ
ਵੀਰਵਾਰ, 9 ਫਰਵਰੀ 2023

ਦਾਅਵਾ ਤੇ ਹਕੀਕਤ

2019 ਵਿਚ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰੁਤਬਾ ਦਿੰਦੀ ਧਾਰਾ 370 ਖਤਮ ਕਰਕੇ ਸੂਬੇ ਨੂੰ ਜੰਮੂ-ਕਸ਼ਮੀਰ ਤੇ ਲੱਦਾਖ ਨਾਂਅ ਦੇ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਬਦਲਣ ਤੋਂ ਲੈ ਕੇ ਜੰਮੂ-ਕਸ਼ਮੀਰ ਵਿਚ ਹਾਲਾਤ ਆਮ ਵਰਗੇ ਹੋਣ ਦਾ ਨਿਰੰਤਰ ਦਾਅਵਾ ਕਰਦੀ ਆ ਰਹੀ ਮੋਦੀ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਮੰਗਲਵਾਰ ਸੰਸਦ ਵਿਚ ਦਿੱਤੇ ਗਏ ਅੰਕੜੇ ਦੱਸਦੇ ਹਨ ਕਿ ਉਥੇ ਮਰਨ ਵਾਲਿਆਂ ਦੀ ਗਿਣਤੀ ਘਟੀ ਨਹੀਂ, ਸਗੋਂ ਵਧੀ ਹੈ। 2014 ਵਿਚ ਮੋਦੀ ਸਰਕਾਰ ਆਉਣ ਤੋਂ ਪਹਿਲਾਂ 2011 ਤੋਂ 2013 ਤੱਕ 57 ਨਾਗਰਿਕ ਤੇ 124 ਸੁਰੱਖਿਆ ਜਵਾਨ ਮਾਰੇ ਗਏ ਸਨ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਇ ਵੱਲੋਂ ਲੋਕ ਸਭਾ ਨੂੰ ਲਿਖਤੀ ਜਵਾਬ 'ਚ ਦੱਸਿਆ ਗਿਆ ਕਿ 2020 ਵਿਚ 37 ਨਾਗਰਿਕ ਮਾਰੇ ਗਏ ਤੇ 61 ਜ਼ਖਮੀ ਹੋਏ ਸਨ, ਜਦਕਿ ਮਰਨ ਵਾਲੇ ਸੁਰੱਖਿਆ ਜਵਾਨਾਂ ਦੀ ਗਿਣਤੀ 62 ਤੇ ਜ਼ਖਮੀ ਹੋਣ ਵਾਲਿਆਂ ਦੀ 106 ਸੀ। ਮੰਤਰੀ ਮੁਤਾਬਕ 2021 ਵਿਚ 41 ਨਾਗਰਿਕ ਮਾਰੇ ਗਏ ਤੇ 75 ਜ਼ਖਮੀ ਹੋਏ, ਜਦਕਿ 42 ਜਵਾਨ ਮਾਰੇ ਗਏ ਤੇ 117 ਜ਼ਖਮੀ ਹੋਏ। ਇਸੇ ਤਰ੍ਹਾਂ 2022 ਵਿਚ 30 ਨਾਗਰਿਕ ਮਾਰੇ ਗਏ ਤੇ 134 ਜ਼ਖਮੀ ਹੋਏ, ਜਦਕਿ 31 ਜਵਾਨ ਮਾਰੇ ਗਏ ਤੇ 87 ਜ਼ਖਮੀ ਹੋਏ। ਇਸ ਸਾਲ ਜਨਵਰੀ ਵਿਚ 7 ਨਾਗਰਿਕ ਮਾਰੇ ਗਏ ਤੇ 23 ਜ਼ਖਮੀ ਹੋਏ। ਜਵਾਨਾਂ ਦੇ ਮਾਰੇ ਜਾਣ ਜਾਂ ਜ਼ਖਮੀ ਹੋਣ ਦੀ ਕੋਈ ਘਟਨਾ ਨਹੀਂ ਵਾਪਰੀ। ਜਿਨ੍ਹਾਂ ਲੋਕਾਂ ਦੀ ਰਾਖੀ ਲਈ ਮੋਦੀ ਸਰਕਾਰ ਨੇ ਜੰਮੂ-ਕਸ਼ਮੀਰ ਦਾ ਹੁਲੀਆ ਬਦਲਿਆ, ਉਹ ਅਜੇ ਵੀ ਉਸੇ ਤਰ੍ਹਾਂ ਦਹਿਸ਼ਤਗਰਦਾਂ ਦਾ ਨਿਸ਼ਾਨਾ ਬਣ ਰਹੇ ਹਨ। ਕਸ਼ਮੀਰੀ ਪੰਡਤਾਂ ਨੂੰ ਦਹਿਸ਼ਤਗਰਦ ਚੁਣ-ਚੁਣ ਕੇ ਮਾਰ ਰਹੇ ਹਨ। ਪ੍ਰਧਾਨ ਮੰਤਰੀ ਮੁੜ-ਵਸੇਬਾ ਪੈਕੇਜ ਤਹਿਤ ਕਸ਼ਮੀਰੀ ਪੰਡਤਾਂ ਨੂੰ ਕਸ਼ਮੀਰ ਵਿਚ ਨੌਕਰੀਆਂ ਦਿੱਤੀਆਂ ਗਈਆਂ ਸਨ, ਪਰ ਆਏ ਦਿਨ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਬਣਨ ਵਾਲੇ ਪੰਡਤ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਜੰਮੂ ਵਿਚ ਵਸਾਇਆ ਜਾਵੇ, ਕਿਉਂਕਿ ਕਸ਼ਮੀਰ ਵਿਚ ਉਨ੍ਹਾਂ ਦੀ ਜਾਨ ਸੁਰੱਖਿਅਤ ਨਹੀਂ। ਕੇਂਦਰੀ ਗ੍ਰਹਿ ਮੰਤਰਾਲਾ ਉਨ੍ਹਾਂ ਨੂੰ ਜੰਮੂ ਲਿਆਉਣ ਦੇ ਹੱਕ ਵਿਚ ਨਹੀਂ, ਕਿਉਂਕਿ ਇਸ ਨਾਲ ਉਸ ਦੇ ਇਸ ਦਾਅਵੇ ਦੀ ਫੂਕ ਨਿਕਲ ਜਾਵੇਗੀ ਕਿ ਧਾਰਾ 370 ਖਤਮ ਕਰਨ ਦਾ ਉਸ ਦਾ ਫੈਸਲਾ ਗਲਤ ਸੀ। ਕਰੀਬ 6 ਹਜ਼ਾਰ ਪੰਡਤ ਉਨ੍ਹਾਂ ਨੂੰ ਕਸ਼ਮੀਰ ਵਿੱਚੋਂ ਕੱਢ ਕੇ ਜੰਮੂ ਦੇ ਦਫਤਰਾਂ ਵਿਚ ਤਾਇਨਾਤ ਕਰਨ ਲਈ ਅੰਦੋਲਨ ਕਰ ਰਹੇ ਹਨ, ਪਰ ਸਰਕਾਰ ਉਨ੍ਹਾਂ 'ਤੇ ਤਰਸ ਖਾਣ ਦੀ ਥਾਂ ਉਨ੍ਹਾਂ ਨੂੰ ਕਸ਼ਮੀਰ ਵਿਚ ਰਹਿਣ ਲਈ ਦਬਕਾ ਰਹੀ ਹੈ। ਕਈ ਪੰਡਤ ਤਾਂ ਕਸ਼ਮੀਰ ਤੋਂ ਭੱਜ ਕੇ ਜੰਮੂ ਆ ਵੀ ਚੁੱਕੇ ਹਨ, ਇਸ ਦੀ ਪ੍ਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਦੀ ਨੌਕਰੀ ਚਲੇ ਜਾਵੇਗੀ। ਆਖਰ ਜਾਨ ਕਿਸ ਨੂੰ ਨਹੀਂ ਪਿਆਰੀ।

ਪੰਜਾਬ ਨੂੰ ਘਟਾਟੋਪ ਰਾਜਸੀ ਹਨੇਰੀ ਤੋਂ ਬਚਾਉਣ ਦੀ ਹੈ ਲੋੜ

ਜਗੀਰ ਸਿੰਘ ਜਗਤਾਰ

ਪੰਜਾਬ, ਜੋ ਖੇਤਰਫਲ ਪੱਖੋਂ ਭਾਰਤ ਦੇ ਛੋਟੇ ਸੂਬਿਆਂ ਵਿੱਚੋਂ ਹੈ, ਆਪਣੇ ਵਿਲੱਖਣ ਇਤਿਹਾਸ, ਦੇਸ਼ ਦੀ ਇੱਕ ਘੱਟ ਗਿਣਤੀ ਦੀ ਇਥੇ ਬਹੁਗਿਣਤੀ ਵਜੋਂ ਹੋਣ ਪੱਖੋਂ ਕੇਂਦਰ ਦੇ ਹਾਕਮਾਂ ਨੂੰ ਸਦਾ ਹੀ ਰੜਕਦਾ ਰਿਹਾ ਹੈ। ਮੌਜੂਦਾ ਸਰਕਾਰ ਨੂੰ ਦੇਸ਼ ਦੇ ਬਹੁਭਾਂਤੀ ਸੱਭਿਆਚਾਰ ਤੇ ਭਾਸ਼ਾਵਾਂ ਦੇ ਸੰਘੀ ਢਾਂਚੇ ਦੇ ਗੁਲਦਸਤੇ ਵਿੱਚ ਹੋਣ ਦਾ ਮੁੱਦਈ ਕਰਕੇ ਵਧੇਰੇ ਰੜਕਦਾ ਹੈ। ਜਦ ਤੋਂ ਕੇਂਦਰ ਦੇ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਲੰਮੇ ਇਤਿਹਾਸਕ ਘੋਲ ਦੀ ਪੰਜਾਬ ਨੇ ਅਗਵਾਈ ਕੀਤੀ ਹੈ, ਸਮੇਂ ਦੇ ਹਾਕਮਾਂ ਲਈ ਇਸ ਨੂੰ ਹਥਿਆਉਣਾ ਮੁੱਖ ਏਜੰਡਾ ਬਣ ਗਿਆ ਹੈ। ਉਨ੍ਹਾਂ ਨੇ ਠਾਣ ਲਈ ਹੈ ਕਿ ਪੰਜਾਬ ਨੂੰ ਕਿਸੇ ਤਰ੍ਹਾਂ ਮੁੱਠੀ ਵਿੱਚ ਕੀਤਾ ਜਾਵੇ।

ਇਸ ਉਦੇਸ਼ ਲਈ ਹਾਕਮ ਧਿਰ ਨੇ ਐਲਾਨ ਕੀਤਾ ਹੈ ਕਿ ਭਾਜਪਾ ਆਪਣੇ ਤੌਰ 'ਤੇ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ। ਇਸ ਦੀ ਤਿਆਰੀ ਲਈ ਦੂਜੀਆਂ ਪਾਰਟੀਆਂ ਦੇ ਪੇਂਡੂ ਖੇਤਰਾਂ ਨਾਲ ਸੰਬੰਧਤ, ਖਾਸ ਕਰੇਕ ਸਿੱਖ ਚਿਹਰੇ ਆਪਣੀ ਪਾਰਟੀ ਵਿੱਚ ਲਿਆਉਣੇ ਸ਼ੁਰੂ ਕੀਤੇ ਹਨ। ਵਰਕਰਾਂ ਨੂੰ ਪਿੰਡਾਂ ਵਿੱਚ ਅਤੇ ਬੂਥ ਪੱਧਰ 'ਤੇ ਕੰਮ ਕਰਨ ਲਈ ਕਿਹਾ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਸੂਬੇ ਦੇ ਕਿਸਾਨਾਂ ਤੇ ਹੋਰ ਰਾਜਸੀ ਪਾਰਟੀਆਂ ਵਾਂਗ ਭਾਜਪਾ ਆਗੂ ਵੀ ਕਹਿ ਰਹੇ ਹਨ ਕਿ ਪੰਜਾਬ ਪਾਸ ਕਿਸੇ ਨੂੰ ਪਾਣੀ ਦੇਣ ਲਈ ਤਿਪ ਨਹੀਂ ਹੈ, ਜਦੋਂ ਕਿ ਇਸੇ ਪਾਰਟੀ ਦੇ ਹੋਰ ਰਾਜਾਂ ਵਾਲੇ ਇਸ ਤੋਂ ਵੱਖਰੀ ਸੁਰ ਅਲਾਪ ਰਹੇ ਹਨ।

ਅਜਿਹਾ ਕਰਨ ਦਾ ਤਾਂ ਹੋਰ ਰਾਜਸੀ ਪਾਰਟੀਆਂ ਵਾਂਗ ਭਾਜਪਾ ਨੂੰ ਹੱਕ ਹੈ, ਪਰ ਅੰਦਰਖਾਤੇ ਸੂਬੇ ਨੂੰ ਲਾਂਬੂ ਲਾਉਣ ਲਈ ਜੋ ਹੱਥਕੰਡੇ ਵਰਤੇ ਜਾ ਰਹੇ ਹਨ, ਉਹ ਚਿੰਤਾ ਦਾ ਹਿੱਸਾ ਹੈ, ਜਿਸ ਬਾਰੇ ਹਰ ਪੰਜਾਬ ਹਿਤੈਸ਼ੀ ਨੂੰ ਚੁਕੰਨਾ ਹੋਣ ਦੀ ਲੋੜ ਹੈ। ਉਹ ਅੰਗਰੇਜ਼ ਸਰਕਾਰ ਵੱਲੋਂ ਫਿਰਕੂ ਅਧਾਰ 'ਤੇ ਫੁੱਟ ਪਾਉਣ ਅਤੇ ਰਾਜ ਕਰਨ ਦਾ ਹਾਸਲ ਕੀਤਾ ਪੈਂਡਾ ਵਰਦੀ ਹੈ। ਪੰਜਾਬ ਵਿੱਚ ਹਿੰਦੂ, ਮੁਸਲਿਮ, ਸਿੱਖ, ਈਸਾਈ ਆਦਿ ਦੇ ਜਾਤੀ-ਪਾਤੀ ਵਖਰੇਵੇਂ ਖੜ੍ਹੇ ਕਰਨੇ ਮੁਸ਼ਕਲ ਹਨ। ਇਹ ਦਾਅ ਕਿਸਾਨ ਅੰਦੋਲਨ ਸਮੇਂ ਵਰਤਣ ਦਾ ਯਤਨ ਕੀਤਾ ਗਿਆ ਸੀ, ਜੋ ਪੰਜਾਬੀਆਂ ਦੀ ਮਜ਼ਬੂਤ ਭਾਈਚਾਰਕ ਸਾਂਝ ਕਾਰਨ ਕਾਮਯਾਬ ਨਹੀਂ ਸੀ ਹੋਇਆ । ਹੁਣ ਇਕ ਪਾਸੇ ਸਰਸਾ ਵਾਲਾ ਬਾਬਾ ਰਾਮ ਰਹੀਮ, ਜੋ ਸੰਗੀਨ ਦੋਸ਼ਾਂ ਤਹਿਤ ਉਮਰ ਕੈਦ ਲਈ ਜੇਲ੍ਹ ਬੰਦ ਹੈ, ਉਸ ਨੂੰ ਚੌਥੀ ਵਾਰ ਚਾਲੀ ਦਿਨਾਂ ਦੀ ਪੈਰੋਲ 'ਤੇ ਰਿਹਾਅ ਕੀਤਾ ਹੈ। ਵਿਖਾਵੇ ਵਜੋਂ ਉਸ ਨੇ ਪੰਜਾਬ ਤੇ ਹਰਿਆਣਾ ਤੋਂ ਬਾਹਰ ਰਹਿਣਾ ਹੈ, ਪਰ ਉਸ ਦੇ ਭਾਸ਼ਣਾਂ ਨੂੰ ਨੈੱਟ 'ਤੇ ਸੁਣਾਉਣ ਲਈ ਇਕੱਠ ਪੰਜਾਬ ਵਿਚਲੇ ਸਲਾਬਤਪੁਰਾ ਦੇ ਆਸ਼ਰਮ ਵਿੱਚ ਕੀਤਾ ਗਿਆ, ਜਿਸ ਦਾ ਵਿਰੋਧ ਕਥਿਤ ਗਰਮ ਖਿਆਲੀ ਸਿੱਖ ਜਥੇਬੰਦੀਆਂ ਵੱਲੋਂ ਕੀਤਾ ਜਾ ਰਿਹਾ ਹੈ। ਇਹ ਸਭ ਕੁਝ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅੰਦਰਖਾਤੇ ਵਿਛਾਏ ਜਾਲ ਰਾਹੀ ਹੋ ਰਿਹਾ ਹੈ, ਨਹੀਂ ਤਾਂ ਬਹੁਤ ਵਾਰ ਵੱਡੇ ਇਕੱਠ ਅਤੇ ਭਾਸ਼ਣ ਹੁੰਦੇ, ਦਿਹਾੜੀ ਦੋ ਦਿਹਾੜੀ ਦਾ ਮੇਲਾ ਲੱਗ ਕੇ ਬਿਖਰ ਜਾਂਦਾ ਹੈ। ਹਾਂ, ਜੇ ਵਿਰੁੱਧ ਦੀਆਂ ਪਾਲਾਂ ਖੜੀਆਂ ਕੀਤੀਆਂ ਜਾਣ ਤਾਂ ਟਕਰਾਓ ਪੈਦਾ ਹੁੰਦਾ ਹੈ। ਹੁਣ ਅਜਿਹੇ ਹਾਲਾਤ ਪੈਦਾ ਕਰਨ ਦੇ ਯਤਨ ਹੋ ਰਹੇ ਹਨ।

ਇਸ ਸਮੇਂ ਭਾਵੇਂ ਭਾਜਪਾ ਦੀ ਪੁਰਾਣੀ ਭਿਆਲ ਪਾਰਟੀ ਅਕਾਲੀ ਦਲ ਚੁੱਪ ਹੈ, ਪਰ ਸਰਸਾ ਵਾਲਿਆਂ ਨਾਲ ਤਣਾਓ ਦੇ ਬੀਜ ਇਸ ਪਾਰਟੀ ਨੇ ਬੀਤੇ ਵਿੱਚ ਆਪਣੀ ਸਰਕਾਰ ਦੇ ਸਮੇਂ ਬਿਖੇਰੇ ਹਨ। ਪਹਿਲਾਂ ਸਰਸਾ ਵਾਲਿਆਂ ਦੇ ਬਾਈਕਾਟ ਦੇ ਸੱਦੇ ਦੇ ਕੇ ਉਨ੍ਹਾਂ ਨੂੰ ਰਵਾਈਤੀ ਸਮਾਜਕ ਕਾਰਜ ਕਰਨ ਲਈ ਗੁਰੂ ਗਰੰਥ ਸਾਹਿਬ ਦੀ ਸ਼ਰਨ, ਓਟ ਲੈਣ ਤੋਂ ਵਰਜਿਆ ਗਿਆ। ਜਦੋਂ ਉਨ੍ਹਾਂ ਮਜਬੂਰੀਵੱਸ ਵਿਆਹ-ਸ਼ਾਦੀਆਂ ਜੈ ਮਾਲਾ ਪਾ ਕੇ ਨਿਭਾਉਣੀਆਂ ਸ਼ੁਰੂ ਕਰ ਦਿੱਤੀਆਂ, ਫਿਰ ਉਸੇ ਅਕਾਲੀ-ਭਾਜਪਾ ਸਰਕਾਰ ਦੇ ਮੁਖੀਆਂ ਨੇ ਸਰਸਾ ਵਾਲੇ ਦੇ ਮੁਆਫੀਨਾਮਾ ਦੀ ਆਪ ਹੀ ਚਰਚਾ ਛੇੜ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਉਸ ਵਿਰੁੱਧ ਜਾਰੀ ਕੀਤਾ ਹੁਕਮਨਾਮਾ ਵਾਪਸ ਲੈਣ ਜਿਹੇ ਢਕਵੰਜ ਵੀ ਰਚੇ ਗਏ। ਇਹ ਅਤੇ ਅਜਿਹੇ ਹੋਰ ਦਾਅ-ਪੇਚ ਚੋਣਾਂ 'ਚ ਵੋਟਾਂ ਲੈਣ ਹਿੱਤ ਅਪਣਾਏ ਗਏ। ਪਹਿਲਾਂ ਇਨ੍ਹਾਂ ਰਾਜਸੀ ਆਗੂਆਂ ਦੀ ਸ਼ਹਿ 'ਤੇ ਨਿਰੰਕਾਰੀਆਂ ਨਾਲ ਟਕਰਾਓ ਪੈਦਾ ਕਰਕੇ ਉਨ੍ਹਾਂ ਨੂੰ ਸਿੱਖ ਸਮਾਜ ਤੋਂ ਦੂਰ ਕੀਤਾ ਸੀ।

ਆਮ ਵਰਤਾਰਾ ਇਹ ਰਿਹਾ ਹੈ ਕਿ ਜਦੋਂ ਕਿਸੇ ਸਾਧ-ਸੰਤ ਦੇ ਪ੍ਰਭਾਵ ਤਹਿਤ ਵਸੋਂ ਦਾ ਕਾਫੀ ਹਿੱਸਾ ਉਸ ਦਾ ਅਨਿਆਈ ਹੋ ਜਾਂਦਾ ਹੈ, ਉਸ ਸਮੇਂ ਵੀ ਸਾਰੇ ਪੈਰੋਕਾਰ ਆਪਣੇ ਮੂਲ ਧਰਮ ਦੇ ਢੰਗ-ਤਰੀਕੇ ਨਾਲ ਆਪਣੇ ਪਰਵਾਰਕ ਮਰਨੇ-ਪਰਨੇ, ਵਿਆਹ-ਸ਼ਾਦੀਆਂ ਕਰਦੇ ਹਨ। ਇੱਕ ਸਮੇਂ ਪਿੱਛੋਂ ਇਨ੍ਹਾਂ ਵਿੱਚੋਂ ਕਾਫੀ ਸ਼ਰਧਾਲੂ ਪਰਤ ਆਉਂਦੇ ਹਨ। ਬੀਤੇ ਵਿੱਚ ਅਕਾਲੀ ਆਗੂਆਂ ਨੇ ਉਨ੍ਹਾਂ ਦੇ ਵਾਪਸੀ ਦੇ ਰਾਹ ਬੰਦ ਕੀਤੇ। ਅੱਜ ਵੀ ਵੇਖਦੇ ਹਾਂ ਕਿ ਨਿਰੰਕਾਰੀਆਂ, ਰਾਧਾ ਸੁਆਮੀਆਂ, ਸਰਸਾ ਵਾਲੇ ਆਦਿ ਦੇ ਸ਼ਰਧਾਲੂਆਂ ਵਿੱਚ ਹਿੰਦੂਆਂ ਦੀ ਵੀ ਵੱਡੀ ਗਿਣਤੀ ਹੈ। ਉਨ੍ਹਾਂ ਨੂੰ ਮੰਦਰਾਂ ਵਿੱਚ ਆਉਣ ਤੋਂ ਅਰਚਨਾ ਪੂਜਾ ਕਰਨ 'ਤੇ ਕੋਈ ਰੋਕ ਨਹੀਂ ਲਾਉਣਾ। ਇਸ ਕਰਕੇ ਉਹ ਵਕਤੀ ਪ੍ਰਭਾਵ ਤਹਿਤ ਨਵੇਂ ਸਤਿਸੰਗ ਵਿੱਚ ਜਾਂਦੇ ਹੋਏ ਵੀ ਆਪਣੇ ਮੂਲ ਧਰਮ ਤੋਂ ਦੂਰ ਨਹੀਂ ਹੁੰਦੇ। ਇਸ ਦੇ ਉਲਟ ਅਕਾਲੀ ਆਗੂਆਂ ਜਾਂ ਉਨ੍ਹਾਂ ਦੇ ਇਕ ਹਿੱਸੇ ਵਜੋਂ ਸਿੱਖਾਂ ਲਈ ਨਵੇਂ ਸਤਿਸੰਗ ਵਾਲਿਆਂ ਦੇ ਬਾਈਕਾਟ ਦੇ ਸੌਦਿਆਂ ਦੀਆਂ ਦੀਵਾਰਾਂ ਖੜੀਆਂ ਕਰਨ ਦੀ ਰਾਜਨੀਤੀ ਕਰਦੇ ਹਨ। ਵੇਖਦੇ ਹਾਂ ਕਿ ਹੁਣ ਤੱਕ ਬਿਆਸ ਵਾਲੇ, ਨਿਰੰਕਾਰੀ, ਸਰਸਾ ਵਾਲੇ ਸਭ ਦੇ ਮੁਖੀ ਦਾੜ੍ਹੀ-ਕੇਸਾਂ ਵਾਲੇ ਹਨ, ਕਿਉਂਕਿ ਉਨ੍ਹਾਂ ਦਾ ਪਿਛੋਕੜ ਸਿੱਖੀ ਦਾ ਹੈ। ਅਕਾਲੀ ਆਗੂਆਂ ਦੀ ਵੋਟ ਬਟੋਰ ਰਾਜਨੀਤੀ ਪਿੱਛੇ ਪਰਤਣ ਦੇ ਰਸਤੇ ਬੰਦ ਕਰਨ ਨੂੰ ਆਪਣੀ ਪਹਿਰੇਦਾਰੀ ਸਿੱਧ ਕਰਦੀ ਹੈ।

ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ, ਜੋ 43 ਸਾਲ ਪਹਿਲਾਂ ਬਿਨਾਂ ਸ਼ਰਤ ਭਾਜਪਾ ਦੇ ਨਾਲ ਜਾ ਰਹੀ ਸੀ ਅਤੇ ਲਗਭਗ ਚਾਰ ਦਹਾਕੇ ਦੋਂਦਰ ਅਤੇ ਪੰਜਾਬ ਦੀ ਰਾਜ ਸੱਤਾ ਵਿੱਚ ਮਿਲ ਕੇ ਚੱਲੇ ਸਨ, ਨੇ ਵੋਟਾਂ ਬਟੋਰ ਕੇ ਰਾਜ-ਸੱਤਾ ਹਾਸਲ ਕਰਨ ਨੂੰ ਹੀ ਮੁੱਖ ਰੱਖਿਆ। ਇਨ੍ਹਾਂ ਦੇ ਰਾਜ ਸਮੇਂ ਵਿੱਚ ਹੀ ਗੁਰੂ ਗਰੰਥ ਸਾਹਿਬ ਤੇ ਹੋਰ ਧਾਰਮਕ ਗਰੰਥਾਂ ਦੇ ਅਪਮਾਨ ਦੀਆਂ ਘਟਨਾਵਾਂ ਹੋਈਆਂ ਹਨ। ਹਮੇਸ਼ਾ ਸਿੱਖਾਂ ਤੇ ਪੰਜਾਬ ਨੂੰ ਸੰਕਟਾਂ ਦੇ ਦੌਰ ਵਿੱਚੋਂ ਲੰਘਣਾ ਪਿਆ ਹੈ, ਹੁਣ ਫਿਰ ਮਾੜੇ ਹਾਲਾਤ ਵੱਲ ਪੰਜਾਬ ਨੂੰ ਧੱਕਣ ਦੇ ਯਤਨ ਹੋ ਰਹੇ ਹਨ, ਇਸ ਵਾਰ ਦੀ ਕਮਾਂਡ ਕੇਂਦਰ ਦੀ ਰਾਜ-ਸੱਤਾ ਦੇ ਬਲਬੂਤੇ ਭਾਜਪਾ ਨੇ ਹਥਿਆਈ ਹੈ।

ਭਾਜਪਾ, ਜੋ ਪੰਜਾਬ ਵਿੱਚ ਇਕੱਲੇ ਤੌਰ 'ਤੇ ਸਾਰੀਆਂ 117 ਸੀਟਾਂ 'ਤੇ ਚੋਣ ਲੜਨ ਦੇ ਦਾਅਵੇ ਕਰ ਰਹੀ ਹੈ, ਉਹ ਵਿਖਾਵੇ ਵਜੋਂ ਰਾਜਸੀ ਤਿਆਰੀਆਂ 'ਤੇ ਟੇਕ ਦਰਸਾ ਰਹੀ ਹੈ, ਪਰ ਉਸ ਦਾ ਅਸਲ ਜ਼ੋਰ ਫੁੱਟਪਾਊ ਸਥਿਤੀਆਂ ਪੈਦਾ ਕਰਨ 'ਤੇ ਹੀ ਹੈ। ਇਸ ਦਾ ਹੱਥ ਵਟਾਉਣ ਦੀ ਭੂਮਿਕਾ ਵਿਦੇਸ਼ਾਂ ਵਿੱਚ ਬੈਠ ਕੇ ਖਾਲਿਸਤਾਨ ਬਣਾਉਣ ਦੇ ਦਾਅਵੇ ਕਰਨ ਵਾਲੇ ਸਵੈ ਸਥਾਪਤ ਆਗੂ ਕਰ ਰਹੇ ਹਨ। ਉਨ੍ਹਾਂ ਮੁੱਠੀਭਰ ਵਿਅਕਤੀਆਂ ਨੇ ਆਸਟਰੇਲੀਆ ਵਿੱਚ ਰਿਫਰੈਂਡਮ ਦੇ ਨਾਂਅ 'ਤੇ ਅਤੇ ਇੱਕ-ਦੋ ਮੰਦਰਾਂ ਦੀਆਂ ਕੰਧਾਂ 'ਤੇ ਖਾਲਿਸਤਾਨੀ ਨਾਹਰੇ ਲਿਖ ਕੇ ਵਿਦੇਸ਼ਾਂ ਵਿੱਚ ਕਿਰਤ-ਕਮਾਈ ਕਰਨ ਲਈ ਗਏ ਭਾਰਤੀਆਂ ਨੂੰ ਆਪਸੀ ਟਕਰਾਉਣ ਦੇ ਰਾਹ ਪਾਉਣ ਦਾ ਯਤਨ ਕੀਤਾ ਹੈ। ਇਹ ਉਹ ਵਿਅਕਤੀ ਹਨ, ਜੋ ਵਿਦੇਸ਼ਾਂ ਵਿੱਚ ਰਹਿ ਰਹੇ ਕੁਝ ਪੰਜਾਬੀਆਂ ਨੂੰ ਜਜ਼ਬਾਤੀ ਕਰਕੇ ਉਨ੍ਹਾਂ ਤੋਂ ਹਾਸਲ ਕੀਤੇ ਫੰਡ ਨਾਲ ਆਪਣਾ ਤੋਰੀ ਫੁਲਕਾ ਚਲਾਉਂਦੇ ਹੋਏ ਵਿਦੇਸ਼ਾਂ ਵਿੱਚ ਸੁਰੱਖਿਅਤ ਬੈਠ ਤਮਾਸ਼ਾ ਵੇਖਦੇ ਹਨ। ਜਿਸ ਖਾਲਿਸਤਾਨ ਦੇ ਉਹ ਨਾਹਰੇ ਦਿੰਦੇ ਹਨ, ਕੀ ਉਹ ਵਿਦੇਸ਼ਾਂ ਵਿੱਚ ਬਣਨਾ ਹੈ?

ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬਾ ਸੋਹਣ ਸਿੰਘ ਭਕਨਾ ਅਤੇ ਹੋਰ ਵਿਦੇਸ਼ਾਂ ਵਿੱਚ ਕਿਰਤ ਕਮਾਈ ਕਰਨ ਗਏ ਸਨ। ਜਦੋਂ ਉਨ੍ਹਾਂ ਦੀ ਚੇਤਨਾ ਵਿੱਚ ਭਾਰਤ ਦੀ ਆਜ਼ਾਦੀ ਦਾ ਸੰਕਲਪ ਆਇਆ ਤਾਂ ਉਹ ਅਮਰੀਕਾ ਦੀ ਧਰਤੀ ਛੱਡ ਕੇ ਦੇਸ਼ ਪਰਤੇ। ਦੇਸ਼ ਵਾਸੀਆਂ ਨੂੰ ਚੇਤਨ ਕਰਨ ਦੇ ਯਤਨ ਕੀਤੇ, ਅੱਗੇ ਹੋ ਕੇ ਆਪਾ ਵਾਰਿਆ ਅਤੇ ਜੇਲ੍ਹਾਂ ਦੇ ਕਸ਼ਟ ਭੋਗੇ, ਜਦੋਂ ਕਿ ਅਜੋਕੇ ਅਖੌਤੀ ਆਗੂ ਵਿਦੇਸ਼ੀ ਕੰਧਾਂ 'ਤੇ ਬੈਠ ਪੰਜਾਬ, ਪੰਜਾਬੀਆਂ ਅਤੇ ਸਿੱਖਾਂ ਦਾ ਕੁੱਝ ਸਵਾਰਨ ਦੀ ਥਾਂ ਭਾਰਤ ਦੀ ਹਾਕਮ ਧਿਰ ਨੂੰ ਗੁਰੂਆਂ, ਭਗਤਾਂ, ਪੀਰਾਂ ਦੀ ਵਰਸਾਈ ਧਰਤੀ ਤੇ ਉਸ ਦੇ ਅੱਜ ਦੇ ਵਾਰਸਾਂ ਤੋਂ ਹੱਕ-ਸੱਚ ਦਾ ਸੰਘਰਸ਼ ਦਾ ਮੌਕਾ ਖੋਹਣ ਦਾ ਰਾਹ ਪਧਰਾ ਰਹੇ ਹਨ। ਜਿਹੜੇ ਕੈਨੇਡਾ ਤੇ ਆਸਟਰੇਲੀਆ ਦੇ ਦੋ-ਚਾਰ ਮੰਦਰਾਂ ਦੀਆਂ ਕੰਧਾਂ 'ਤੇ ਖਾਲਿਸਤਾਨੀ ਨਾਹਰੇ ਲਿਖ ਕੇ ਵਿਦੇਸ਼ਾਂ ਵਿੱਚ ਭਾਰਤੀਆਂ ਨੂੰ ਆਪਸੀ ਲੜਾ ਰਹੇ ਹਨ, ਉਹ ਜਨ-ਸਧਾਰਨ ਵਿੱਚ ਫੁੱਟ ਪਾ ਕੇ ਹਾਕਮ ਧਿਰ ਦੇ ਹੱਥ ਮਜ਼ਬੂਤ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਸਵਾਰ ਰਹੇ।

ਐਨ ਇਸੇ ਮੌਕੇ ਸੇਵਾ-ਮੁਕਤ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਵੱਲੋਂ ਸਾਕਾ ਨੀਲਾ ਤਾਰਾ ਤਹਿਤ ਦਰਬਾਰ ਸਾਹਿਬ 'ਤੇ ਕੀਤੀ ਫੌਜੀ ਕਾਰਵਾਈ ਦਾ 39 ਸਾਲਾਂ ਬਾਅਦ ਜ਼ਿਕਰ ਕਰਨਾ ਹਾਕਮ ਧਿਰ ਦੀ ਸ਼ਹਿ ਤੋਂ ਬਿਨਾਂ ਨਹੀਂ ਹੈ। ਇਸ ਨੂੰ ਦੇਸ਼ ਦੇ ਅਜੋਕੇ ਹਾਕਮ ਦੋਧਾਰੀ ਖੰਡੇ ਵਜੋਂ ਵਰਤਣ ਦੇ ਇਛੁੱਕ ਹਨ। ਇਕ ਪਾਸੇ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਦੇਸ਼ ਦੇ ਜਨਸਧਾਰਨ ਦੀਆਂ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ ਜਿਹੀਆਂ ਸਮੱਸਿਆਵਾਂ ਨੂੰ ਉਭਾਰਿਆ ਅਤੇ ਕਾਂਗਰਸ ਪਾਰਟੀ ਦੀ ਦਿੱ

9-FEB-PAGE-5-advt.qxd 2/8/2023 10:31 PM Page 1

ਕਾਤਰਾਂ

ਪਿੰਡ ਧਰਮਪੁਰਾ 'ਚ ਮਾਤਾ ਗੁਜਰੀ ਲਾਇਬਰੇਰੀ ਦਾ ਉਦਘਾਟਨ

ਬਰੇਟਾ (ਗੀਤਵਾਲ) : ਨਜ਼ਦੀਕੀ ਪਿੰਡ ਧਰਮਪੁਰਾ ਦੇ ਗੁਰਦੁਆਰਾ ਸਾਹਿਬ ਦੇ ਨਾਲ ਲਗਦੇ ਮਾਤਾ ਗੁਜਰੀ ਲਾਇਬਰੇਰੀ ਦਾ ਉਦਘਾਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਜਣ ਸਿੰਘ ਅਤੇ ਬਾਬਾ ਗੰਗਾ ਰਾਮ ਨੇ ਸਾਂਝੇ ਤੌਰ 'ਤੇ ਕੀਤਾ। ਇਸ ਸੰਬੰਧੀ ਸਰਪੰਚ ਦਰਸ਼ਨ ਸਿੰਘ ਧਰਮਪੁਰਾ ਨੇ ਕਿਹਾ ਕਿ ਇਸ ਪਿੰਡ ਵਿੱਚ ਲਾਇਬਰੇਰੀ ਖੁੱਲ੍ਹਣ ਨਾਲ ਨੌਜਵਾਨ ਪੀੜ੍ਹੀ ਨੂੰ ਵਧੀਆ ਸੇਧ ਮਿਲਦੀ ਰਹੇਗੀ। ਉਨ੍ਹਾ ਕਿਹਾ ਕਿ ਉਨ੍ਹਾ ਵੱਲੋਂ ਪੰਚ ਨਿਰਭੈਅ ਸਿੰਘ, ਤੇਜੀ ਗਰੇਵਾਲ, ਜਰਨੈਲ ਸਿੰਘ, ਬਿੰਦਰ ਸਿੰਘ, ਮੱਖਣ ਸਿੰਘ ਸਮੇਤ ਇਸ ਲਾਇਬਰੇਰੀ ਨੂੰ ਪਿੰਡ ਵਾਸੀਆਂ ਹਵਾਲੇ ਕੀਤਾ ਗਿਆ ਹੈ। ਇਸ ਮੌਕੇ ਮਾ. ਰਮਨਦੀਪ ਸਿੰਘ, ਜਥੇਦਾਰ ਗਿਆਨ ਸਿੰਘ, ਗੁਰਜੰਟ ਸਿੰਘ ਅਤੇ ਕਿਸਾਨ ਆਗੂ ਬਲਦੇਵ ਸਿੰਘ ਹਾਜ਼ਰ ਸਨ।

ਲਵਾਰਸ ਹਾਲਤ 'ਚ ਮਿਲੀ 2 ਸਾਲਾ ਬੱਚੀ

ਬਠਿੰਡਾ, (ਪਰਵਿੰਦਰ ਜੀਤ ਸਿੰਘ) : ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਰੇਲਵੇ ਪੁਲਸ ਨੂੰ ਇੱਕ ਲਵਾਰਸ ਬੱਚੀ ਮਿਲੀ ਜਿਸ ਦੀ ਉਮਰ ਕਰੀਬ 2 ਸਾਲ ਹੈ। ਇਸ ਬੱਚੀ ਦੇ ਸੰਬੰਧ ਵਿੱਚ ਡੀ ਡੀ ਆਰ ਦਰਜ ਕਰਵਾ ਕੇ ਚਾਈਲਡ ਲਾਈਨ, ਬਠਿੰਡਾ ਨੂੰ ਜਾਣਕਾਰੀ ਦਿੱਤੀ ਗਈ ਹੈ। ਇਸ ਦੌਰਾਨ ਚਾਈਲਡ ਟੀਮ ਵੱਲੋਂ ਬੱਚੀ ਨੂੰ ਮੌਕੇ 'ਤੇ ਰੈਸਕਿਊ ਕਰਕੇ ਬਾਲ ਭਲਾਈ ਕਮੇਟੀ, ਬਠਿੰਡਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਇਹ ਬੱਚੀ ਆਪਣਾ ਨਾਂਅ ਤੇ ਪੱਕਾ ਪਤਾ ਦੱਸਣ ਤੋਂ ਅਸਮਰੱਥ ਹੈ। ਬਾਲ ਭਲਾਈ ਕਮੇਟੀ ਦੁਆਰਾ ਬੱਚੀ ਦੇ ਹਿੱਤ ਨੂੰ ਦੇਖਦੇ ਹੋਏ ਅਗਲੇਰੀ ਸਾਂਭ-ਸੰਭਾਲ ਲਈ ਆਨੰਤ ਅਨਾਥ ਆਸ਼ਰਮ ਸਪੈਸ਼ਲਾਈਜਡ ਅਡਾਪਸ਼ਨ ਏਜੰਸੀ, ਨਥਾਣਾ ਵਿਖੇ ਸਿਫ਼ਟ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਸੰਬੰਧੀ ਜਾਣਕਾਰੀ ਹੋਵੇ ਤਾਂ ਉਹ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ, ਬਠਿੰਡਾ (ਫੋਨ ਨੰਬਰ 97805-99045 ਅਤੇ 86998-95116) ਵਿਖੇ ਸਪੰਰਕ ਕਰ ਸਕਦਾ ਹੈ।

ਹੈਰੋਇਨ ਸਮੇਤ ਦੋ ਵਿਅਕਤੀ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਪੁਲਸ ਵੱਲੋਂ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪੁਲਸ ਵੱਲੋਂ ਕੀਤੇ ਗਏ ਦਾਅਵੇ ਮੁਤਾਬਕ ਥਾਣਾ ਖਮਾਣੋਂ ਦੀ ਪੁਲਸ ਪਾਰਟੀ ਵੱਲੋਂ ਰੋਕੇ ਗਏ ਕਥਿਤ ਵਿਅਕਤੀ ਸੁਖਵੀਰ ਸਿੰਘ ਵਾਸੀ ਪਿੰਡ ਮੋਹਨਮਾਜਰਾ ਦੀ ਸਹਾਇਕ ਥਾਣੇਦਾਰ ਤਰਨਜੀਤ ਸਿੰਘ ਵੱਲੋਂ ਜਦੋਂ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ 'ਤੇ ਉਸ ਨੂੰ 21(ਬੀ) ਐਨ ਡੀ ਪੀ ਐਸ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਥਾਣਾ ਖਮਾਣੋਂ ਦੀ ਹੀ ਪੁਲਸ ਪਾਰਟੀ ਵੱਲੋਂ ਰੋਕੇ ਗਏ ਕਥਿਤ ਵਿਅਕਤੀ ਮਨਜੋਤ ਸਿੰਘ ਵਾਸੀ ਪਿੰਡ ਮੋਹਨ ਮਾਜਰਾ ਦੀ ਜਦੋਂ ਥਾਣੇਦਾਰ ਧਰਮਪਾਲ ਵੱਲੋਂ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਉਸ ਨੂੰ 21(ਬੀ) ਐਨ ਡੀ ਪੀ ਐਸ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ।

ਚੰਡੀਗੜ੍ਹ ਇੰਸਟੀਚਿਊਟ ਨੇ ਲਗਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ) : ਚੰਡੀਗੜ੍ਹ ਇੰਸਟੀਚਿਊਟ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਸੈਂਟਰਲ ਬੈਂਕ ਦੇ ਕੋਲ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਅਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲੈਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਵਰੁਣ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਨਿਹਾਲ ਸਿੰਘ ਵਾਲਾ ਦਾ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਲਗਵਾਇਆ ਹੈ। ਸੰਸਥਾ ਦੇ ਮੁਖੀ ਲਵਪ੍ਰੀਤ ਸੇਠੀ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਮੰਗਾਂ ਮੰਨਵਾਉਣ ਲਈ ਪਾਵਰਕਾਮ ਕਰਮਚਾਰੀਆਂ ਨੇ ਕੀਤੀ ਗੇਟ ਰੈਲੀ

ਮੂਨਕ (ਰਾਜਪਾਲ ਸਿੰਗਲਾ) ਪਾਵਰਕਾਮ ਦਫ਼ਤਰ ਵਿਖੇ ਟੈਕਨੀਕਲ ਸਰਵਿਸਜ ਯੂਨੀਅਨ ਵੱਲੋਂ ਗੇਟ ਰੈਲੀ ਕੀਤੀ ਗਈ, ਜਿਸਦੀ ਪ੍ਰਧਾਨਗੀ ਸਾਥੀ ਸੁਖਵਿੰਦਰ ਸਰਮਾ ਨੇ ਕੀਤੀ। ਉਨ੍ਹਾਂ ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਮੰਨ ਕੇ ਲਾਗੂ ਨਹੀਂ ਕੀਤਾ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਗੁੱਸਾ ਤੇ ਰੋਸ ਹੈ, ਇਸ ਲਈ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।

ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਭੀਮ ਸਿੰਘ ਪ੍ਰਧਾਨ ਡਵੀਜ਼ਨ ਲਹਿਰਾਗਾਗਾ ਤੇ ਨਰੇਸ਼ ਕੁਮਾਰ ਵਿੱਤ ਸਕੱਤਰ ਡਵੀਜ਼ਨ ਲਹਿਰਾਗਾਗਾ ਵੀ ਪਹੁੰਚੇ। ਉਨ੍ਹਾਂ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਸੀ ਆਰ ਏ 295/19 ਤਹਿਤ 3500 ਸਹਾਇਕ ਲਾਈਨਮੈਨ ਦੀ ਭਰਤੀ ਸ਼ੁਰੂ ਕੀਤੀ ਸੀ, ਜੋ ਹੁਣ ਤੱਕ ਪੂਰੀ ਵੀ ਨਹੀਂ ਕੀਤੀ ਅਤੇ ਯੋਗ ਉਮੀਦਵਾਰ ਵੀ ਨੌਕਰੀ ਤੋਂ ਵਾਂਝੇ ਰਹਿ ਗਏ ਹਨ ਤੇ ਇਸ ਸਮੇਂ ਭਰਤੀ ਹੋਏ ਸਹਾਇਕ ਲਾਈਨਮੈਨਾਂ ਦੇ ਸਮੂਹ ਸਰਟੀਫਿਕੇਟ ਦੀ ਵੈਰੀਫਿਕੇਸ਼ਨ ਸ਼ੁਰੂ ਕੀਤੀ, ਜਿਸ ਤਹਿਤ ਪੂਰੇ ਪੰਜਾਬ ਵਿੱਚ 25 ਸਹਾਇਕ ਲਾਈਨਮੈਨਾਂ ਦੇ ਤਜਰਬਾ ਸਰਟੀਫਿਕੇਟ ਜਾਅਲੀ ਪਾਏ ਗਏ ਹਨ।

ਦੱਸਣਾ ਬਣਦਾ ਹੈ ਕਿ ਪਾਵਰਕਾਮ ਅੰਦਰ ਅਸਲੀ ਠੇਕੇਦਾਰ ਆਪ ਕੰਮ ਨਹੀਂ ਕਰਦੇ, ਅੱਗੇ ਸਬ ਠੇਕੇਦਾਰਾਂ ਤੋਂ ਕੰਮ ਕਰਾਉਂਦੇ ਹਨ ਅਤੇ ਇਹ ਤਜਰਬਾ ਸਰਟੀਫਿਕੇਟ ਵੀ ਸਬ ਠੇਕੇਦਾਰਾਂ ਵੱਲੋਂ ਅਸਲੀ ਠੇਕੇਦਾਰ ਦੇ ਲੈਟਰ ਪੈਡ 'ਤੇ ਜਾਰੀ ਕੀਤੇ ਹਨ ਅਤੇ ਹੁਣ ਅਸਲੀ ਠੇਕੇਦਾਰ ਇਨ੍ਹਾਂ ਕ੍ਰਮਚਾਰੀਆਂ ਨੂੰ ਬਲੈਕ ਮੇਲ ਕਰਦੇ ਹਨ ਅਤੇ ਪਾਵਰਕਾਮ ਮੈਨੇਜਮੈਂਟ ਵੀ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।

ਜੇਕਰ ਸਮਾਂ ਰਹਿੰਦੇ ਇਨ੍ਹਾਂ ਸਰਟੀਫਿਕੇਟਾਂ ਦੀ ਜਾਂਚ ਕੀਤੀ ਜਾਂਦੀ ਅਤੇ ਇਹ ਤਜਰਬਾ ਸਰਟੀਫਿਕੇਟ ਹਟਾ ਵੀ ਦਿੱਤੇ ਜਾਂਦੇ ਤਾਂ ਵੀ ਇਹ ਕ੍ਰਮਚਾਰੀ ਮੈਰਿਟ ਲਿਸਟ ਵਿੱਚ ਆਉਂਦੇ ਸਨ, ਕਿਉਂਕਿ ਪਾਵਰਕੌਮ ਮੈਨੇਜਮੈਂਟ ਨਾਲ ਹੋਈ ਗੱਲਬਾਤ ਰਾਹੀਂ ਹੀ ਵੰਨ ਟਾਈਮ ਸੈਟੇਲਮੈਂਟ ਤਹਿਤ ਹੀ ਇਹ ਤਜਰਬਾ ਸਰਟੀਫਿਕੇਟ ਦਿੱਤੇ ਗਏ ਸਨ, ਪਰ ਹੁਣ ਪਾਵਰਕੌਮ ਦੀ ਮੈਨੇਜਮੈਂਟ ਇਸ ਗੱਲਬਾਤ ਤੋਂ ਭੱਜ ਰਹੀ ਹੈ।

ਪਾਵਰਕਾਮ ਦੀ ਇਸ ਗਲਤੀ ਦਾ ਖਮਿਆਜ਼ਾ ਹੁਣ ਇਹ ਕ੍ਰਮਚਾਰੀ ਭੁਗਤ ਰਹੇ ਹਨ, ਜਿਸ ਕਾਰਨ ਇਨ੍ਹਾਂ ਤੇ ਕ੍ਰਾਈਮ ਬ੍ਰਾਂਚ ਮੁਹਾਲੀ ਵੱਲੋਂ ਪਰਚੇ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਸਮੂਹ ਬੁਲਾਰਿਆਂ ਸਾਥੀ ਸੁਰੇਸ਼ ਕੁਮਾਰ ਪ੍ਰਧਾਨ ਮੂਨਕ, ਸੁਧਾਕਰ ਯਾਦਵ, ਅੰਕੁਸ਼ ਕੁਮਾਰ, ਮਨਦੀਪ ਸਿੰਘ, ਕੁਲਦੀਪ ਸਿੰਘ ਬੁਸੇਹਰਾ, ਰਾਮਦੀਆ, ਗੁਰਸੇਵਕ ਸਿੰਘ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਇਨ੍ਹਾਂ ਮੁਲਾਜ਼ਮਾਂ ਦੇ ਕੇਸ ਨੂੰ ਹਮਦਰਦੀ ਨਾਲ ਵਿਚਾਰ ਕੇ ਤਜਰਬਾ ਸਰਟੀਫਿਕੇਟਾਂ ਤੋਂ ਬਿਨਾਂ ਨੌਕਰੀ 'ਤੇ ਬਹਾਲ ਕੀਤਾ ਜਾਵੇ, ਕਿਉਂਕਿ ਜੇਕਰ ਪਾਵਰਕਾਮ ਦੀ ਮੈਨੇਜਮੈਂਟ ਸਮੇਂ ਸਿਰ ਪੂਰੀ ਭਰਤੀ ਕਰਦੀ ਤਾਂ ਕਿਸੇ ਵੀ ਬੇਰੁਜ਼ਗਾਰ ਨੌਜਵਾਨਾਂ ਨੂੰ ਤਜਰਬਾ ਸਰਟੀਫਿਕੇਟ ਦੀ ਜ਼ਰੂਰਤ ਨਹੀਂ ਸੀ ਪੈਣੀ।

ਜੇਕਰ ਕਿਸੇ ਸਹਾਇਕ ਲਾਈਨਮੈਨ ਨਾਲ ਧੱਕਾ ਹੋਇਆ ਤਾਂ ਜਥੇਬੰਦੀਆਂ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ, ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਛਾਪਾ 'ਚ ਬਾਪੂ ਨਾਜ਼ਰ ਸਿੰਘ ਤਤਲਾ ਨੂੰ ਸ਼ਰਧਾਂਜਲੀਆਂ

ਮਹਿਲ ਕਲਾਂ, (ਬਲਵਿੰਦਰ ਸਿੰਘ ਵਜੀਦਕੇ,ਪ੍ਰਦੀਪ ਸਿੰਘ ਲੋਹਗੜ੍ਹ) : ਸੰਤਾ ਸਿੰਘ ਰਾਹਲ ਯਾਦਗਾਰੀ ਟਰੱਸਟ ਦੇ ਚੇਅਰਮੈਨ ਰਾਜਾ ਰਾਹਲ ਕੈਨੇਡਾ ਦੇ ਸਤਿਕਾਰਯੋਗ ਨਾਨਾ ਨਾਜ਼ਰ ਸਿੰਘ ਤਤਲਾ ਨਮਿੱਤ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸਾਹਿਬ ਪਿੰਡ ਛਾਪਾ ਵਿਖੇ ਹੋਇਆ। ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਸਿੱਖ ਪ੍ਰਚਾਰਕ ਭਾਈ ਜਗਸੀਰ ਸਿੰਘ ਖਾਲਸਾ ਮਹਿਲ ਕਲਾਂ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਸ਼ਰਧਾਂਜਲੀ ਸਮਾਗਮ ਮੌਕੇ ਉੱਘੇ ਸਮਾਜ ਸੇਵੀ ਮੰਗਤ ਸਿੰਘ ਸਿੱਧੂ ਨੇ ਨਾਜ਼ਰ ਸਿੰਘ ਦੇ ਜੀਵਨ ਸੰਬੰਧੀ ਵਿਸਥਾਰਪੂਰਕ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾ ਸਮੁੱਚੇ ਜੀਵਨ ਦੌਰਾਨ ਅਣਥੱਕ ਮਿਹਨਤ ਕੀਤੀ ਅਤੇ ਪਰਵਾਰ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਉਨ੍ਹਾ ਦਾ ਸਾਦਗੀ ਭਰਿਆ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾਸ੍ਰੋਤ ਹੈ। ਇਸ ਮੌਕੇ ਲੋਕਲ ਗੁ: ਪ੍ਰਬੰਧ ਕਮੇਟੀ ਦੇ ਪ੍ਰਬੰਧਕਾਂ ਵਲੋਂ ਨਾਜ਼ਰ ਸਿੰਘ ਦੇ ਵਾਰਸ ਲਖਵੀਰ ਸਿੰਘ ਲੱਖੀ ਨੂੰ ਸਿਰੋਪਾਓ ਭੇਟ ਕੀਤਾ। ਇਸ ਸਮੇਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਜ਼ਿਲ੍ਹਾ ਪ੍ਰਧਾਨ ਰੂਬਲ ਗਿੱਲ ਕੈਨੇਡਾ, ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਥਾਣੇਦਾਰ ਸਵਰਨ ਸਿੰਘ ਟਾਂਡੀ, ਸੁਖਦੇਵ ਸਿੰਘ ਰਾਹਲ, ਮਿ: ਚਮਕੌਰ ਸਿੰਘ ਮਠਾੜੂ, ਮਾ: ਹਰਦੇਵ ਸਿੰਘ ਧਨੇਰ, ਗੁਰੀ ਔਲਖ ਆੜ੍ਹਤੀਆ, ਬੇਅੰਤ ਸਿੰਘ ਧਾਲੀਵਾਲ, ਤਰਕਸ਼ੀਲ ਆਗੂ ਗੁਰਦੀਪ ਸਿੰਘ ਸੋਢਾ, ਰਾਜਿੰਦਰਪਾਲ ਸਿੰਘ ਬਿੱਟੂ, ਸਤੀਸ਼ ਕੁਮਾਰ ਪੱਪੂ, ਜਗਦੀਸ਼ ਸਿੰਘ ਭੱਠਲ, ਸਰਾਭਾ ਕਲੱਬ ਮਹਿਲ ਕਲਾਂ ਵਲੋਂ ਪ੍ਰਧਾਨ ਮਲਕੀਤ ਸਿੰਘ ਸੋਢਾ, ਬੇਅੰਤ ਸਿੰਘ ਮਿੱਠੂ, ਅਵਤਾਰ ਸਿੰਘ, ਹਰਬੰਸ ਸਿੰਘ ਬੈਨੀਪਾਲ, ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ, ਸੁਖਵਿੰਦਰ ਸਿੰਘ ਸੋਢਾ, ਰਾਜਾ ਘੁੰਮਾਣ, ਜਗਦੇਵ ਸਿੰਘ ਨੰਬਰਦਾਰ, ਉਜਾਗਰ ਸਿੰਘ ਕਲਾਲ ਮਾਜਰਾ, ਸੰਮਤੀ ਮੈਂਬਰ ਹਰਨੇਕ ਸਿੰਘ ਛਾਪਾ, ਜਗਰਾਜ ਸਿੰਘ ਰਾਜਾ, ਸੁਖਦੇਵ ਸਿੰਘ ਸੈਕਟਰੀ, ਹਰੀ ਸਿੰਘ ਕਟੈਹਰੀਆ, ਪ੍ਰਧਾਨ ਮੁਖਤਿਆਰ ਸਿੰਘ, ਉਜਾਗਰ ਸਿੰਘ ਰਿਟ: ਕਾਨੂੰਗੋ, ਹਰਮਨਜੀਤ ਸਿੰਘ ਕੁਤਬਾ, ਮਨਦੀਪ ਕੌਸ਼ਲ, ਚਮਕੌਰ ਸਿੰਘ ਬੈਨੀਪਾਲ, ਗੁਰਪ੍ਰੀਤ ਸਿੰਘ ਅਣਖੀ, ਪੰਚ ਬਲਵੰਤ ਸਿੰਘ, ਪੰਚ ਮਨਜੀਤ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ, ਉਜਾਗਰ ਸਿੰਘ ਸਹਿਬਾਜ਼ਪੁਰਾ, ਕਰਮ ਸਿੰਘ ਸਹਿਬਾਜ਼ਪੁਰਾ, ਤ੍ਰਲੋਚਨ ਸਿੰਘ ਅਮਰੀਕਾ, ਬੂਟਾ ਸਿੰਘ ਧਾਲੀਵਾਲ, ਗੱਗੀ ਸਿੱਧੂ ਆਦਿ ਹਾਜ਼ਰ ਸਨ। ਇਸ ਬਾਪੂ ਨਾਜ਼ਰ ਸਿੰਘ ਦੀ ਯਾਦ 'ਚ ਪਰਵਾਰ ਵੱਲੋਂ ਗੁਰਦੁਆਰਾ ਸਾਹਿਬ ਨੂੰ ਇੱਕ ਲੱਖ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਨੂੰ ਰਾਸ਼ੀ ਦਾਨ ਵਜੋਂ ਦਿੱਤੀ ਗਈ।

ਡੀ ਟੀ ਐੱਫ ਅੱਜ ਕਰੇਗੀ ਬੀ ਪੀ ਈ ਓ ਚੀਮਾ ਦੇ ਵਤੀਰੇ ਖਿਲਾਫ 'ਹੰਕਾਰ ਤੋੜੋ ਰੈਲੀ'

ਛਾਜਲੀ (ਜਸਵੀਰ ਲਾਡੀ) : ਡੈਮੋਕਰੈਟਿਕ ਟੀਚਰਜ਼ ਫਰੰਟ ਲਹਿਰਾਗਾਗਾ ਦੀ ਮੀਟਿੰਗ ਹੋਈ। ਮੀਟਿੰਗ ਸੰਬੰਧੀ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਗੁਰਪ੍ਰੀਤ ਪਸ਼ੌਰ ਅਤੇ ਸਕੱਤਰ ਗੁਰਮੀਤ ਸੇਖੂਵਾਸ ਨੇ ਦੱਸਿਆ ਕਿ 9 ਫਰਵਰੀ ਨੂੰ ਚੀਮੇ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਲਹਿਰਾਗਾਗਾ ਬਲਾਕ ਦੇ ਅਧਿਆਪਕਾਂ ਵੱਲੋਂ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਬੀ ਪੀ ਈ ਓ ਚੀਮਾ ਵੱਲੋਂ ਅਧਿਆਪਕਾਂ ਦਾ ਜਨਵਰੀ ਤੋਂ ਮਾਰਚ ਦੀ ਤਿਮਾਹੀ ਦਾ ਇਨਕਮ ਟੈਕਸ ਵਿਭਾਗੀ ਨਿਯਮਾਂ ਨੂੰ ਤਿਲਾਂਜਲੀ ਦੇ ਕੇ ਤਿੰਨ ਬਰਾਬਰ ਕਿਸ਼ਤਾਂ ਵਿੱਚ ਕੱਟਣ ਦੀ ਬਜਾਏ ਇੱਕ ਵਾਰੀ ਹੀ ਕੱਟ ਲਿਆ ਗਿਆ। ਜਿਸ ਕਾਰਨ ਬਹੁਤੇ ਅਧਿਆਪਕਾਂ ਦਾ ਬਜਟ ਹਿੱਲ ਗਿਆ ਹੈ। ਦਫਤਰ ਨੂੰ ਆਪਣੇ ਬਣਦੇ ਟੈਕਸ ਸੰਬੰਧੀ ਸੂਚਨਾ ਦੇਣ ਦੇ ਬਾਵਜੂਦ ਕਈ ਅਧਿਆਪਕਾਂ ਦਾ ਬਣਦੇ ਟੈਕਸ ਤੋਂ ਕਾਫੀ ਵਧ ਟੈਕਸ ਕੱਟ ਕੇ ਉਹਨਾਂ ਦਾ ਵਿੱਤੀ ਨੁਕਸਾਨ ਕੀਤਾ ਗਿਆ ਹੈ। ਹੋਰ ਮਸਲਿਆਂ ਵਿੱਚ ਵੀ ਇਸ ਅਧਿਕਾਰੀ ਵੱਲੋਂ ਲਗਾਤਾਰ ਬਲਾਕ ਕਮੇਟੀ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਜੋ ਇਸ ਅਧਿਕਾਰੀ ਦੀ ਹੈਂਕੜਬਾਜ਼ ਪ੍ਰਵਿਰਤੀ ਨੂੰ ਦਿਖਾਉਂਦਾ ਹੈ। ਛੇਵੇਂ ਤਨਖਾਹ ਕਮਿਸ਼ਨ ਦੇ ਘੱਟ ਪਏ ਬਕਾਇਆਂ ਸੰਬੰਧੀ ਬੀ ਪੀ ਈ ਓ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਉਸ ਵੱਲੋਂ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਰਿਹਾ ਬਲਕਿ ਇਹ ਕਿਹਾ ਜਾ ਰਿਹਾ ਹੈ ਕਿ ਇਹ ਗਲਤੀ ਮੇਰੇ ਸਮੇਂ ਦੀ ਨਹੀਂ ਹੈ, ਇਸ ਲਈ ਇਸ ਨੂੰ ਦਰੁਸਤ ਕਰਨਾ ਮੇਰੀ ਜ਼ਿੰਮੇਵਾਰੀ ਨਹੀਂ ਹੈ, ਜਿਸ ਬੀ ਪੀ ਈ ਓ ਨੇ ਇਹ ਗਲਤੀ ਕੀਤੀ ਹੈ ਉਸ ਕੋਲ ਜਾਓ। ਇਹ ਇਸ ਅਧਿਕਾਰੀ ਦੀ ਅਤਿਅੰਤ ਗੈਰ-ਜ਼ਿੰਮੇਵਾਰਾਨਾ ਤੇ ਗੈਰ-ਪੇਸ਼ੇਵਾਰਾਨਾ ਪਹੁੰਚ ਹੈ। ਇਸੇ ਪਹੁੰਚ ਦੇ ਚੱਲਦੇ ਇਸ ਅਧਿਕਾਰੀ ਵੱਲੋਂ ਬਲਾਕ ਦੇ ਕਈ ਅਧਿਆਪਕ ਦੇ ਇਨਕਮ ਟੈਕਸ ਦੇ ਵਿੱਤੀ ਸਾਲ 2021-22 ਨਾਲ ਸੰਬੰਧਤ 16 ਨੰਬਰ ਫਾਰਮ ਹਾਲੇ ਤੱਕ ਉਹਨਾਂ ਨੂੰ ਜਾਰੀ ਨਹੀਂ ਕੀਤੇ ਗਏ। ਬੀ ਪੀ ਈ ਓ ਦੇ ਇਸ ਸਮੁੱਚੇ ਵਤੀਰੇ ਦੇ ਵਿਰੁੱਧ ਡੈਮੋਕਰੈਟਿ

page-6-9-(FEB)-2023-G-(BV).qxd 2/8/2023 11:04 PM Page 1

ਭੂਚਾਲ ਦੌਰਾਨ ਮਰਨ ਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਂਜਲੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਬੀਤੇ ਦਿਨੀਂ ਤੁਰਕੀ ਅਤੇ ਸੀਰੀਆ 'ਚ ਆਏ ਭਿਆਨਕ ਭੂਚਾਲ ਦੌਰਾਨ ਅਕਾਲ ਚਲਾਣਾ ਕਰ ਗਏ ਲੋਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਜਲੀ ਦਿੱਤੀ ਗਈ। ਇਥੇ ਸ਼੍ਰੋਮਣੀ ਕਮੇਟੀ ਮੁੱਖ ਦਫ਼ਤਰ ਵਿਖੇ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰਕੇ ਵਿਛੜੀਆਂ ਰੂਹਾਂ ਨਮਿਤ ਅਰਦਾਸ ਕੀਤੀ ਗਈ ਅਤੇ ਜ਼ਖ਼ਮੀਆਂ ਦੀ ਸਿਹਤਯਾਬੀ ਦੀ ਵੀ ਕਾਮਨਾ ਕੀਤੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੇ ਕੱਲ੍ਹ ਤੁਰਕੀ ਅਤੇ ਸੀਰੀਆ ਦੇ ਭੂਚਾਲ ਪ੍ਰਭਾਵਿਤ ਖੇਤਰਾਂ ਵਿਚ ਮਾਨਵ ਭਲਾਈ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦਿਆਂ ਸਰਕਾਰਾਂ ਨੂੰ ਪੱਤਰ ਵੀ ਲਿਖੇ ਸਨ। ਸ਼੍ਰੋਮਣੀ ਕਮੇਟੀ ਚਾਹੁੰਦੀ ਹੈ ਕਿ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਇਸ ਕੁਦਰਤੀ ਆਫ਼ਤ ਦੇ ਪੀੜ੍ਹਤਾਂ ਦੀ ਵੀ ਮੱਦਦ ਕੀਤੀ ਜਾਵੇ।

ਇਸੇ ਤਹਿਤ ਹੀ ਕੌਮ ਵੱਲੋਂ ਸੰਵੇਦਨਾ ਪ੍ਰਗਟ ਕਰਦਿਆਂ ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਅਰਦਾਸ ਸਮਾਗਮ ਆਯੋਜਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਵਕਤ ਸਮੁੱਚੀ ਮਾਨਵਤਾ ਤੁਰਕੀ ਅਤੇ ਸੀਰੀਆ ਦੇ ਲੋਕਾਂ ਨਾਲ ਹਮਦਰਦੀ ਰੱਖਦੀ ਹੈ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੀ ਇਸ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਹੀ ਮਨੁੱਖਤਾ ਦਾ ਭਲਾ ਚਾਹੁੰਦੇ ਹਨ ਅਤੇ ਮੌਜੂਦਾ ਸੰਕਟ ਦੌਰਾਨ ਵੀ ਹਰ ਤਰ੍ਹਾਂ ਦੀਆਂ ਮਾਨਵੀ ਸੇਵਾਵਾਂ ਨਿਭਾਉਣ ਲਈ ਸ਼੍ਰੋਮਣੀ ਕਮੇਟੀ ਤਿਆਰ ਹੈ।

ਇਸ ਸਬੰਧ ਵਿਚ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਬੰਧਤਾਂ ਨੂੰ ਪੱਤਰ ਲਿਖੇ ਹਨ ਅਤੇ ਆਸ ਹੈ ਕਿ ਸਰਕਾਰਾਂ ਦੀ ਪ੍ਰਵਾਨਗੀ ਮਿਲਣ ਮਗਰੋਂ ਸ਼੍ਰੋਮਣੀ ਕਮੇਟੀ ਰਾਹਤ ਕਾਰਜ ਕਰ ਸਕੇਗੀ। ਉਨ੍ਹਾਂ ਕਿਹਾ ਕਿ ਇਹ ਸਮਾਂ ਪੀੜ੍ਹਤ ਲੋਕਾਂ ਨਾਲ ਖੜ੍ਹਨ ਦਾ ਹੈ ਅਤੇ ਜਿਹੜੇ ਵੀ ਮਨੁੱਖਤਾ ਦੇ ਹਮਦਰਦ ਲੋਕ ਅਤੇ ਸੰਸਥਾਵਾਂ ਅਸਾਨੀ ਨਾਲ ਉਥੇ ਜਾ ਸਕਦੀਆਂ ਹਨ, ਉਨ੍ਹਾਂ ਨੂੰ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੂਸਰੇ ਦੇਸ਼ ਅੰਦਰ ਜਾ ਕੇ ਰਾਹਤ ਕਾਰਜ ਕਰਨੇ ਸਰਕਾਰਾਂ ਦੀ ਪ੍ਰਵਾਨਗੀ 'ਤੇ ਨਿਰਭਰ ਹੁੰਦੇ ਹਨ ਤੇ ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੱਦਦ ਕਰਨ ਵਾਲੀਆਂ ਸੰਸਥਾਵਾਂ ਅਤੇ ਲੋਕਾਂ ਨੂੰ ਭੇਜਣ ਲਈ ਲੋੜੀਂਦੇ ਪ੍ਰਬੰਧ ਕਰਨ।

ਅਰਦਾਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਰਵਨ ਸਿੰਘ ਕੁਲਾਰ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਗੁਰਦਿਆਲ ਸਿੰਘ, ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਹਰਭਜਨ ਸਿੰਘ ਵਕਤਾ, ਆਜ਼ਾਦਦੀਪ ਸਿੰਘ, ਸੁਖਬੀਰ ਸਿੰਘ, ਮਨਜੀਤ ਸਿੰਘ, ਮੁਖਤਾਰ ਸਿੰਘ ਕੁਹਾੜਕਾ, ਪ੍ਰਜਿੰਦਰ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਨਿਸ਼ਾਨ ਸਿੰਘ, ਜਗਤਾਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦਾ ਸਮੂਹ ਸਟਾਫ਼ ਹਾਜ਼ਰ ਸੀ।

45ਵਾਂ ਬਾਬਾ ਪੱਲਾ ਯਾਦਗਾਰੀ ਆਲ ਉਪਨ ਹਾਕੀ ਟੂਰਨਾਮੈਂਟ ਦੇ ਉਦਘਾਟਨੀ ਮੈਚ ਦੌਰਾਨ ਹਲਕਾ ਵਿਧਾਇਕ ਦਲਬੀਰ ਸਿੰਘ ਟੌਰਾ, ਬਲਵਿੰਦਰ ਸਿੰਘ ਕੋਚ, ਹਰਪਾਲ ਸਿੰਘ, ਗੁਰਦੇਵ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ, ਡਾਕਟਰ ਬਲਕਾਰ ਸਿੰਘ, ਗੁਰਦੇਵ ਸਿੰਘ ਕੈਨੇਡਾ ਪ੍ਰਧਾਨ, ਬਲਰਾਜ ਸਿੰਘ, ਲਖਬੀਰ ਸਿੰਘ, ਡਾਕਟਰ ਸੁਖਵੰਤ ਸਿੰਘ, ਗਗਨਦੀਪ ਸਿੰਘ, ਤੇਜਿੰਦਰ ਸਿੰਘ, ਸੁਖਜਿੰਦਰ ਸਿੰਘ, ਪੋ ਹਰਭਜਨ ਸਿੰਘ , ਸਲਵੰਤ ਸਿੰਘ ਸਾਬਕਾ ਸਰਪੰਚ, ਦਲਬੀਰ ਸਿੰਘ, ਤੇਜੀ, ਅਤੇ ਰਣਦੀਪ ਸਿੰਘ ਆਦਿ ਨਜ਼ਰ ਆ ਰਹੇ ਹਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਅਦਾਲਤ 11 ਨੂੰ

ਜਲੰਧਰ (ਨਵਾਂ ਜ਼ਮਾਨਾ ਸਰਵਿਸ)-ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਮੁਤਾਬਕ ਮੈਡਮ ਰੁਪਿੰਦਰਜੀਤ ਚਹਿਲ ਜ਼ਿਲ੍ਹਾ ਤੇ ਸੈਸਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਵੱਲੋਂ ਮਿਤੀ 11.02.2023 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਜੁਡੀਸ਼ਅਲ ਅਦਾਲਤਾਂ ਵਿੱਚ ਲੰਬਿਤ ਦੀਵਾਨੀ, ਵਿਵਾਹਿਕ ਝਗੜੇ, ਮੋਟਰ ਦੁਰਘਟਨਾ ਕਲੇਮ ਕੇਸ, ਬਿਜਲੀ ਕਾਨੂੰਨ ਦੇ ਕੰਪਾਊਂਡੇਬਲ, ਟ੍ਰੈਫਿਕ ਚਲਾਨ ਅਤੇ ਫੌਜਦਾਰੀ ਦੇ ਸਮਝੌਤਾ ਹੋ ਸਕਣ ਵਾਲੇ ਕੇਸਾਂ ਅਤੇ ਹੋਰ ਸੰਸਥਾਵਾ ਜਿਵੇਂ ਬੈਂਕਾਂ, ਬਿਜਲੀ ਵਿਭਾਗ, ਭਾਰਤ ਸੰਚਾਰ ਨਿਗਮ ਅਤੇ ਵਿਤੀ ਸੰਸਥਾਨਾਂ ਦੇ ਪ੍ਰੀਲਿਟੀਗੇਟਿਵ ਕੇਸਾਂ ਦਾ ਫੈਸਲਾ ਰਾਜੀਨਾਮੇ ਰਾਹੀਂ ਕਰਵਾਉਣ ਲਈ ਕੀਤਾ ਜਾਵੇਗਾ । ਇਸ ਸੰਬੰਧੀ ਜਾਣਕਾਰੀ ਦਿੰਦਿਆ ਮੈਡਮ ਰੁਪਿੰਦਰਜੀਤ ਚਹਿਲ ਮਾਣਯੋਗ ਜ਼ਿਲ੍ਹਾ ਤੇ ਸੈਸਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਫੈਸਲਾ ਕਰਵਾਉਣ ਲਈ ਜੁਡੀਸ਼ੀਅਲ ਅਫਸਰਾਂ, ਵਕੀਲਾਂ, ਬੈਂਕ ਅਧਿਕਾਰੀਆਂ, ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਸਕੂਲਾਂ ਅਤੇ ਪਿੰਡਾਂ ਵਿੱਚ ਵੀ ਸੈਮੀਨਾਰਾਂ ਰਾਹੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਆਪਣੇ ਕੇਸਾਂ ਦਾ ਫੈਸਲਾ ਇਸ ਲੋਕ ਅਦਾਲਤ ਰਾਹੀਂ ਕਰਵਾ ਸਕਣ।

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ | G20

ਟੈਂਡਰ ਸੂਚਨਾ

ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੇ ਦੁਵਾਰਾ ਤੋਂ ਫਿਰੋਜ਼ਪੁਰ ਮੰਡਲ ਉਤੇ ਹਾਲਟ ਸਟੇਸ਼ਨਾਂ ਦੇ ਅਲਾਟਮੈਂਟ ਲਈ ਆਵੇਦਨ ਪੱਤਰ ਮੰਗ ਕੀਤੇ ਹਨ:-

1.	**ਕੰਮ ਦਾ ਨਾਮ :** ਫਿਰੋਜ਼ਪੁਰ ਮੰਡਲ ਜਮਸ਼ੇਰ ਖਾਸ, ਬੋਲੀਨਾ ਦੋਆਬਾ, ਸ਼ਾਮ ਚੋਰਾਸੀ, ਗਰਨਾ ਸਾਹਿਬਫ਼, ਫਤੇਹਗੜ੍ਹ ਚੁਰਿਯਨ, ਚਕ ਦਯਾਲਾ, ਖਟਕੜ ਕਲਾਂ ਝੰਡਾ ਜੀ, ਜੈਨੋਂ ਦੋਆਬਾ, ਮਾਲੂਪੋਤਾ, ਗੜ੍ਹਸ਼ੰਕਰ, ਸੈਲਾਖੁਰਦ, ਨੰਦਪੁਰ ਭਟੋਲੀ, ਡੂਡਵਿੰਡੀ, ਬਟਾਲਾ ਸੁਗਰ ਮਿਲ, ਸੈਦਪੁਰ ਜਲਾਲਬਾਦ, ਕੁਲਬਮ ਅਬਦੁਲਾ ਸ਼ਾਹ, ਬੁਰਜਮੇਹਰ ਅਤੇ ਸਤਨੋਰ ਬਡਸੋਰ ਹਾਲਟ ਸਟੇਸ਼ਨਾਂ ਅੱਗਲੇ 5 ਸਾਲ ਦੇ ਲਈ ਠੇਕੇ ਦਾ ਅਲਾਟਮੈਂਟ।
2.	**ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਤੇ ਟੈਂਡਰ ਖੁਲਣ ਦਾ ਸਮਾਂ :** ਮਿਤੀ 15.03.2023 ਨੂੰ 15:00 ਵਜੇ ਤਕ (ਕਿਸੀ ਕਾਰਣ ਵਸ਼ ਦਫਤਰ ਬੰਦ ਹੋਣ ਦੀ ਸਥਿਤੀ ਵਿਚ ਆਵੇਦਨ ਪੱਤਰ ਅਗਲੇ ਕੰਮ ਵਾਲੇ ਦਿਨ ਉਤੇ ਖੋਲੇ ਜਾਣਗੇ।
3.	**ਦਫਤਰ ਦਾ ਪਤਾ ਅਤੇ ਮਿਤੀ ਜਿਥੇ ਤੋਂ ਆਵੇਦਨ ਪੱਤਰ ਪ੍ਰਾਪਤ ਕੀਤੇ ਜਾਂ ਸਕਦੇ ਹਨ :** ਸੀਨੀ. ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਮਿਤੀ 09.02.2023 ਤੋਂ 15.03.2023 ਤਕ ਕਿਸੀ ਵੀ ਕੰਮ ਵਾਲੇ ਦਿਨ ਉਤੇ ਅਤੇ ਉੱਤਰ ਰੇਲਵੇ ਦੀ ਵੈਬਸਾਈਟ www.nr.indianrailways.gov.in ਤੋਂ ਡਾਊਨ ਲੋਡ ਕੀਤੇ ਜਾਂ ਸਕਦੇ ਹਨ।

ਇਸ ਅਲਾਟਮੈਂਟ ਤੋਂ ਸਬੰਧਿਤ ਦਸਤਾਵੇਜ ਜਿਸਤਰ੍ਹਾਂ ਆਵੇਦਨ ਪੱਤਰ, ਅਨੁਦੇਸ਼ ਕਰਾਰਨਾਮਾ ਅਤੇ ਨਿਯਮ ਤੇ ਸ਼ਰਤਾਂ ਨੂੰ ਉੱਤਰ ਰੇਲਵੇ ਦੀ ਵੇਬਸਾਈਟ www.nr.indianrailways.gov.in ਤੋਂ ਡਾਊਨ ਲੋਡ ਕੀਤੇ ਜਾਂ ਸਕਦੇ ਹਨ। 414/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ | G20

ਫਿਰੋਜਪੁਰ ਮੰਡਲ ਦੇ ਵਿਭਿੰਨ ਹਸਪਤਾਲਾਂ ਵਿਚ ਪਾਰਟ ਟਾਈਮ ਦੰਦ ਚਿਕਿਤਸਕਾਂ ਦੇ 01 ਪਦ ਲਈ ਸਿਧੇ ਇੰਟਰਵਿਊ

ਵੈਬਸਾਈਟ : www.nr.indianrailways.gov.in
(>News&recruitment info>Recruitment info)

ਫਿਰੋਜਪੁਰ ਮੰਡਲ ਦੇ ਵਿਭਿੰਨ ਹਸਪਤਾਲਾਂ ਵਿਚ ਸੰਵਿਦਾ ਦੇ ਆਧਾਰ ਤੇ ਪਾਰਟ ਟਾਈਮ ਦੰਦ ਚਿਕਿਤਸਕਾਂ ਦੇ 01 ਪਦ ਦੇ ਲਈ ਮਿਤੀ 28.02.2023 ਨੂੰ ਸਵੇਰੇ 10.00 ਵਜੇ ਸਿਧੇ ਇੰਟਰਵਿਊ ਮੰਡਲ ਰੇਲ ਪ੍ਰਬੰਧਕ ਦਫਤਰ, ਫਿਰੋਜਪੁਰ ਦੇ ਦਫਤਰ ਵਿਚ ਆਯੋਜਿਤ ਕੀਤੀ ਜਾ ਰਹੀ ਹੈ। ਸਾਰੇ ਇਛੁਕ ਉਮੀਦਵਾਰ ਆਪਣਾ ਫਾਰਮ ਅਤੇ ਇੰਟਰਵਿਊ ਦੀ ਜਾਣਕਾਰੀ ਉਪਯੁਕਤ ਦਿਤੇ ਵੈਬਸਾਈਟ ਤੋਂ ਡਾਊਨਲੋਡ ਕਰ ਸਕਦੇ ਹਨ। 9540096053 ਉਤੇ ਸੰਪਰਕ ਕਰਨ ਜਾਂ srdpofzr@gmail.com ਉਤੇ ਈਮੇਲ ਕਰ ਸਕਦੇ ਹਨ।

ਸੀਨੀ. ਮੰਡਲ ਕਾਰਮਿਕ ਅਧਿਕਾਰੀ
ਉਤਰ ਰੇਲਵੇ/ਫਿਰੋਜਪੁਰ

406/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

OFFICE OF THE DISTRICT & SESSIONS JUDGE, JALANDHAR

TENDER NOTICE

Separate tenders are invited from reputed, competent and responsible outsource companies/organizations/agencies having sufficient experience in the maintenance and cleanliness of complexes for allotment of work contract for maintenance and cleanliness of respective Judicial Courts Complexes at Jalandhar, Nakodar and Phillaur for period from 01.03.2023 to 29.02.2024. The covered area and the open area for the purpose of maintenance and cleanliness of above said Judicial Complexes is given below:-

Sr. No.	Name of the Judicial Courts Complex	Covered Area of Complex (including entrance, lounges, staircases/ ramps, corridors, rooms, toilets etc. Which is required to be cleaned by Sweepers)	Open Area (Required to be cleaned by Sweepers including internal roads of the Complex etc.)
1.	Judicial Courts Complex, Jalandhar	176000 Sq Ft + Covered Area of Judicial & Sessions Record Rooms situated in District Administrative Complex, Jalandhar and New Building of Record Room (Presently under Construction) situated in District Administrative Complex, Jalandhar	127400 Sq Ft + Open area of Record Room Complex situated in District Administrative Complex, Jalandhar
2.	Judicial Courts Complex, Nakodar	79933.19 Sq Ft	197730.35 Sq Ft
3.	Judicial Courts Complex, Phillaur	42291.27 Sq Ft	97414.62 Sq Ft

Proper and efficient cleaning of the premises have to be done thrice a day and on all days of the week except Sundays, on all the floors of the Complexes including entrance lounges, Staircases/ramps, corridors, rooms, toilets etc. and all sanitary fittings therein, cleaning of windows, dusting of Court Rooms, Doors, Windows, Panes, Grills, Terraces, Protections, removal of webs, sweeping of approaching passages, car garages and parks. Tenderer will be responsible for employment of adequate no. of sweepers at Jalandhar, Nakodar and Phillaur. The detailed terms and conditions along with application form can be obtained free of cost from office of undersigned on any working day by hand/by post by sending self addressed adequately stamped envelope. Last date for receipt of tenders will be 20.02.2023. Tenders will be opened in the presence of contractors or their authorized representatives on 21.02.2023 at 03:30 PM. This office will not take any responsibility for any postal delay and tenders received after due date will not be accepted. Any other information be obtained from this Office during working hours.

Sd/-
District & Sessions Judge,
Jalandhar

Endst. No. 2046-49 G/B2 Dated : 8.2.2023

ਆਮ ਸੂਚਨਾ

ਮੈਂ, ਸੰਜੀਵ ਬਾਂਸਲ ਪੁੱਤਰ ਮੋਤੀ ਲਾਲ ਬਾਂਸਲ ਵਾਸੀ 666, ਗਲੀ ਨੰ: 5, ਗਰੀਨ ਫੀਲਡ, ਮਜੀਠਾ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਪਲਾਟ ਨੰ: 87, ਵਾਕਿਆ ਰਕਬਾ ਸੰਧੂ ਕਾਲੋਨੀ, ਮਜੀਠਾ ਰੋਡ, ਬਾਈਪਾਸ, ਅੰਮ੍ਰਿਤਸਰ ਦੀ ਪੁਰਾਣੀ ਰਜਿਸਟਰੀ ਪਾਵਰ ਆਫ ਅਟਾਰਨੀ, ਜਨਰਲ ਪਾਵਰ ਆਫ ਅਟਾਰਨੀ ਕੁਲ ਰਕਬਾ 250 ਵਰਗ ਗਜ਼, ਖਸਰਾ ਨੰ: 103/11/2 ਮਿੰਨ, ਖਾਤਾ ਖਤੌਨੀ ਨੰ: 88/1, ਵਸੀਕਾ ਨੰ: 10144, ਤਸਦੀਕ ਮਿਤੀ 16.2.2004, 19.12.2006 ਅਤੇ 10.10.2007 ਜੋ ਕਿ 2.2.2023 ਨੂੰ ਕਿੱਧਰੇ ਗੁੰਮ ਹੋ ਗਈ ਹੈ, ਜਿਸ ਦੀ ਐੱਫ ਆਈ ਆਰ ਸਦਰ ਥਾਣਾ, ਮਜੀਠਾ ਰੋਡ, ਅੰਮ੍ਰਿਤਸਰ ਵਿਖੇ 8.2.2023 ਨੂੰ ਦਰਜ ਕਰਵਾ ਦਿੱਤੀ ਹੈ, ਜਿਸ ਦਾ ਨੰ: 314357/2023 ਹੈ। (ਕੇ ਕੇ)

Court Notice

In the Court of Sh. Balkar Singh Civil Judge Junior Division-1, Nabha

CNR No. PBPTB0-000353-2021
Next Date : 14.3.2023
Surinder Singh
Versus
Amarjit Singh

The Plaintiff prays for permanent injunction against defendant No. restraining them/him from.

Publication issued to : Jaspal Singh Father Karam Singh Vill. Ramgarh Chhanna, Tehsil Nabha, Distt. Patiala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 14.3.2023 at 10.00 a.m.

For details logon to https://highcourtchd.gov.in/?trs=district notice&district=Patiala

Civil Judge Junior Division-1
Nabha

Dated, this day of 8.2.2023

Court Notice

In the Court of Sh. Tarunpreet Singh Judicial Magistrate-Ist Class, Ludhiana.

CNR No. PBLD03-043095-2019
Next Date : 22.3.2023
COMA No. 29790/2019
Anil Kumar
Versus
Charanjit Singh

Publication issued to : Charanjit Singh S/o S. Gurcharan Singh R/o H.No. 192 A, Guru Nanak Nagar, Ward No. 15, Focal Point, Ludhiana.

In above titled case, the accused could not be served. It is ordered that accused should appear in person or through counsel on 22.3.2023 at 10.00 a.m.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.

Dated, this day of 2.2.2023

ਕਲਾਸੀਫਾਈਡ ਇਸ਼ਤਿਹਾਰ

Lost & Found

I, Vijay Laxmi W/o Surinder Kumar R/o H.No. 82, Wood Avenue Phase-2, Jalandhar, declare that sale deed No. 2141 dated 28.5.2008 has been lost if anybody found please contact Mobile No. 97816-79681

ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਯੂ 285, ਪੰਜ ਹਾਰਸ ਪਾਵਰ ਜੋ ਕਿ ਸ੍ਰੀ ਵੱਸਣ ਸਿੰਘ ਪੁੱਤਰ ਸ: ਲਾਭ ਸਿੰਘ ਵਾਸੀ ਪਿੰਡ ਕਲੇਰ ਮਾਂਗਟ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਪਿੰਡ ਕਲੇਰ ਮਾਂਗਟ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਲਦਾ ਹੈ, ਨੂੰ ਸ੍ਰੀ ਅਰਸ਼ਦੀਪ ਸਿੰਘ ਪੁੱਤਰ ਸ: ਕਾਬਲ ਸਿੰਘ ਵਾਸੀ ਪਿੰਡ ਕਲੇਰ ਮਾਂਗਟ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 7 ਦਿਨ ਦੇ ਅੰਦਰ ਉੱਪ ਮੰਡਲ ਅਫਸਰ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। (ਕਮਲ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਐੱਮ ਪੀ 189 ਪੰਜ ਹਾਰਸ ਪਾਵਰ ਜੋ ਕਿ ਸ੍ਰੀ ਗੁਰਦੀਪ ਸਿੰਘ ਪੁੱਤਰ ਸ: ਗੁਰਦਿਆਲ ਸਿੰਘ ਵਾਸੀ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਲਦਾ ਹੈ, ਨੂੰ ਸ੍ਰੀ ਹਰਜੋਤ ਸਿੰਘ ਪੁੱਤਰ ਸ: ਅਮਰਜੀਤ ਸਿੰਘ ਵਾਸੀ ਪਿੰਡ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 7 ਦਿਨ ਦੇ ਅੰਦਰ ਉੱਪ ਮੰਡਲ ਅਫਸਰ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। (ਕਮਲ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਐੱਚ 763, ਸਾਢੇ ਸੱਤ ਹਾਰਸ ਪਾਵਰ ਜੋ ਕਿ ਸ੍ਰੀ ਊਧਮ ਸਿੰਘ ਪੁੱਤਰ ਸ: ਸੰਮਾ ਸਿੰਘ ਵਾਸੀ ਪਿੰਡ ਢੱਡੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਪਿੰਡ ਢੱਡੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਲਦਾ ਹੈ, ਨੂੰ ਸ੍ਰੀ ਕੁਲਦੀਪ ਸਿੰਘ ਪੁੱਤਰ ਸ: ਗੰਗਾ ਸਿੰਘ ਵਾਸੀ ਪਿੰਡ ਢੱਡੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ । ਇਤਰਾਜ਼ 7 ਦਿਨ ਦੇ ਅੰਦਰ ਉੱਪ ਮੰਡਲ ਅਫਸਰ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। (ਕਮਲ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: 3008191024 ਬਾਰਾਂ ਹਾਰਸ ਪਾਵਰ ਜੋ ਕਿ ਸ੍ਰੀ ਗੁ

9-FEB-PAGE-7.qxd 2/8/2023 10:34 PM Page 1

ਕੇਂਦਰ ਸਰਕਾਰ ਐੱਮ ਐੱਸ ਪੀ ਦੇ ਮਾਮਲੇ ਨੂੰ ਪੈਂਡਿੰਗ ਰੱਖਣ ਦੀ ਕੋਸ਼ਿਸ਼ 'ਚ

ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਬੂਰੀਆ) ਆਮ ਆਦਮੀ ਪਾਰਟੀ (ਆਪ) ਦੇ ਮੈਂਬਰ ਪਾਰਲੀਮੈਂਟ (ਰਾਜ ਸਭਾ) ਸੰਜੀਵ ਅਰੋੜਾ ਨੇ ਕਿਹਾ ਹੈ ਕਿ ਇਹ ਅਫ਼ਸੋਸ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਘੱਟੋ ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ) ਪ੍ਰਣਾਲੀ ਨੂੰ ਕਾਨੂੰਨੀ ਗਾਰੰਟੀ ਜਾਂ ਪ੍ਰਵਾਨਗੀ ਦੇਣ ਲਈ ਹੁਣ ਤੱਕ ਕੋਈ ਫ਼ੈਸਲਾ ਨਹੀਂ ਲਿਆ ਹੈ।

ਅਰੋੜਾ ਨੇ ਕਿਹਾ ਕਿ ਉਨ੍ਹਾਂ ਦੇ ਸਵਾਲ ਦੇ ਜਵਾਬ ਵਿੱਚ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ 12 ਜੁਲਾਈ, 2022 ਦੇ ਨੋਟੀਫਿਕੇਸ਼ਨ ਤਹਿਤ ਸਰਕਾਰ ਨੇ ਕੁਦਰਤੀ ਖੇਤੀ ਨੂੰ ਉਤਸ਼ਾਹਤ ਕਰਨ ਲਈ, ਖੇਤੀ ਦੇ ਪੈਟਰਨ ਵਿੱਚ ਬਦਲਾਅ ਲਈ ਕਿਸਾਨਾਂ ਦੀਆਂ ਬਦਲਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਤੇ ਐਮਐਸਪੀ ਨੂੰ ਹੋਰ ਪ੍ਰਭਾਵਸ਼ਾਲੀ ਤੇ ਪਾਰਦਰਸ਼ੀ ਬਣਾਉਣ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ। ਕਮੇਟੀ ਦੀਆਂ ਮੀਟਿੰਗਾਂ ਨਿਯਮਤ ਤੌਰ 'ਤੇ ਇਸ ਨੂੰ ਸੌਂਪੇ ਗਏ ਵਿਸ਼ੇ 'ਤੇ ਵਿਚਾਰ ਕਰਨ ਲਈ ਹੁੰਦੀਆਂ ਹਨ।

ਅਰੋੜਾ ਨੇ ਘੱਟੋ-ਘੱਟ ਸਮਰਥਨ ਮੁੱਲ, ਕੁਦਰਤੀ ਖੇਤੀ ਅਤੇ ਫ਼ਸਲੀ ਵਿਭਿੰਨਤਾ 'ਤੇ ਹਾਲ ਹੀ ਵਿੱਚ ਗਠਿਤ ਕਮੇਟੀ ਦੀ ਰਿਪੋਰਟ/ਸਿਫ਼ਾਰਸ਼ਾਂ ਨੂੰ ਪੇਸ਼ ਕਰਨ ਲਈ ਸਮਾਂ ਸੀਮਾ ਬਾਰੇ ਪੁੱਛਿਆ ਸੀ। ਇਹ ਵੀ ਪੁੱਛਿਆ ਸੀ ਕਿ ਕੀ ਸਰਕਾਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਬਾਰੇ ਕਾਨੂੰਨੀ ਗਾਰੰਟੀ/ਪ੍ਰਵਾਨਗੀ ਪ੍ਰਦਾਨ ਕਰਨ ਲਈ ਕੋਈ ਉਪਾਅ ਕਰ ਰਹੀ ਹੈ।

ਅਰੋੜਾ ਨੇ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖਾਸ ਕਰਕੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਪੁੱਛਿਆ ਸੀ। ਜਵਾਬ ਵਿੱਚ ਤੋਮਰ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਕਈ ਵਿਕਾਸ ਪ੍ਰੋਗਰਾਮਾਂ, ਯੋਜਨਾਵਾਂ, ਸੁਧਾਰਾਂ ਤੇ ਨੀਤੀਆਂ ਨੂੰ ਅਪਣਾਇਆ/ਲਾਗੂ ਕੀਤਾ ਹੈ। ਇਨ੍ਹਾਂ ਵਿੱਚ ਬਜਟ ਅਲਾਟਮੈਂਟ ਵਿੱਚ ਬੇਮਿਸਾਲ ਵਾਧਾ, ਪੀਐਮ ਰਾਹੀਂ ਕਿਸਾਨਾਂ ਨੂੰ ਇਨਕਮ ਸਪੋਰਟ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (ਪੀਐਮਐਫਬੀਵਾਈ), ਖੇਤੀਬਾੜੀ ਖੇਤਰ ਲਈ ਸੰਸਥਾਗਤ ਕਰਜ਼ਾ, ਦੇਸ਼ ਵਿੱਚ ਜੈਵਿਕ ਖੇਤੀ ਨੂੰ ਉਤਸ਼ਾਹਤ ਕਰਨਾ, ਸੂਖਮ ਸਿੰਚਾਈ ਫੰਡ, ਕਿਸਾਨ ਉਤਪਾਦਕ ਸੰਗਠਨਾਂ (ਐਫਪੀਓਜ਼) ਰਾਹੀਂ ਕਿਸਾਨਾਂ ਨੂੰ ਆਮਦਨ ਸਹਾਇਤਾ ਦੇਣਾ, ਖੇਤੀ ਮਸ਼ੀਨੀਕਰਨ, ਕਿਸਾਨਾਂ ਨੂੰ ਸੋਇਲ ਹੈਲਥ ਕਾਰਡ ਪ੍ਰਦਾਨ ਕਰਨਾ, ਐਗਰੀ ਇਨਫਰਾਸਟਰਕਚਰ ਫੰਡ (ਏ.ਆਈ.ਐਫ) ਤੇ ਖੇਤੀ ਉਪਜ ਲੌਜਿਸਟਿਕਸ ਵਿੱਚ ਸੁਧਾਰ ਕਰਨਾ, ਕਿਸਾਨ ਰੇਲ ਦੀ ਸ਼ੁਰੂਆਤ ਸ਼ਾਮਲ ਹੈ।

ਕਣਕ ਦੇ ਖੇਤ 'ਚ ਫਾਰਮ ਫੀਲਡ ਕਲਾਸ ਲਾਈ

ਮਹਿਲ ਕਲਾਂ, (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)-ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਡਾ. ਜਗਦੀਸ਼ ਸਿੰਘ ਦੀ ਅਗਵਾਈ ਵਿੱਚ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਮਹਿਲ ਕਲਾਂ ਵੱਲੋਂ ਛਾਪਾ ਵਿਖੇ ਆਤਮਾ ਸਕੀਮ ਅਧੀਨ ਹੈਪੀਸੀਡਰ ਵਿਧੀ ਨਾਲ ਬਿਜਾਈ ਗਈ ਕਣਕ ਦੀ ਫ਼ਸਲ ਸਬੰਧੀ ਕਿਸਾਨ ਅਮਰੀਕ ਸਿੰਘ ਦੇ ਖੇਤ ਵਿੱਚ ਚੱਲ ਰਹੇ ਫਾਰਮ ਫੀਲਡ ਸਕੂਲ ਦੀ ਕਲਾਸ ਲਾਈ ਗਈ। ਇਸ ਫਾਰਮ ਫੀਲਡ ਸਕੂਲ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਖੇਤ ਵਿੱਚ ਹੀ ਪ੍ਰਤੱਖ ਤਜਰਬਾ ਦਿਖਾਉਣਾ ਹੈ।

ਇਸ ਮੌਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਹੈਪੀਸੀਡਰ ਨਾਲ ਬਿਜਵਾਈ ਗਈ ਕਣਕ ਦੀ ਖੜੀ ਫ਼ਸਲ ਕਿਸਾਨਾਂ ਨੂੰ ਦਿਖਾ ਕੇ ਇਸ ਵਿਧੀ ਬਾਰੇ ਵਿਚਾਰ ਵਟਾਦਰਾਂ ਕੀਤਾ ਗਿਆ। ਡਾ. ਅਮਨਦੀਪ ਕੌਰ ਸਹਾਇਕ ਪ੍ਰੋਫੈਸਰ, ਫਾਰਮ ਸਲਾਹਕਾਰ ਕੇਂਦਰ, ਬਰਨਾਲਾ ਨੇ ਕਿਹਾ ਕਿ ਕਣਕ ਦੀ ਫਸਲ 'ਤੇ ਨਦੀਨਾਂ, ਕੀੜੇ ਮਕੌੜਿਆਂ ਤੇ ਬਿਮਾਰੀਆਂ ਦੇ ਹਮਲੇ ਅਤੇ ਰੋਕਥਾਮ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਸਨਵਿੰਦਰਪਾਲ ਸਿੰਘ ਨੇ ਫਸਲਾਂ ਦੀ ਕਾਸ਼ਤ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਿਸਾਨਾਂ ਨੂੰ ਆਪਣੇ ਘਰ ਦਾ ਬੀਜ ਸੋਧ ਕੇ ਸਾਂਭ ਕੇ ਸਟੋਰ ਕਰਨ ਲਈ ਪ੍ਰੇਰਤ ਕੀਤਾ ਤਾਂ ਜੁ ਅਗਲੇ ਸਾਲ ਬਿਜਾਈ ਲਈ ਬੀਜ ਉੱਪਰ ਹੋਣ ਵਾਲੇ ਖਰਚ ਤੋਂ ਬਚਾਇਆ ਜਾ ਸਕੇ। ਯਾਦਵਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਨੇ ਖੇਤੀ ਮਸ਼ੀਨਰੀ ਦਾ ਸੁਚੱਜਾ ਉਪਯੋਗ ਕਰਨ ਸਬੰਧੀ ਜਾਣਕਾਰੀ ਦਿੱਤੀ ਤੇ ਕਿਸਾਨਾਂ ਨੂੰ ਖੇਤੀਬਾੜੀ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਮੰਨਣ ਦੀ ਅਪੀਲ ਕੀਤੀ। ਹਰਪਾਲ ਸਿੰਘ ਏਐਸਆਈ ਨੇ ਕਿਸਾਨਾਂ ਨੂੰ ਨਰਮੇ ਦੀ ਫ਼ਸਲ ਦੀ ਅਗਾਊਂ ਤਿਆਰੀ ਬਾਰੇ ਜਾਣਕਾਰੀ ਦਿੱਤੀ। ਕੁਲਵੀਰ ਸਿੰਘ ਏਟੀਐਮ ਨੇ ਜ਼ਿਲ੍ਹੇ ਵਿੱਚ ਕਿਸਾਨਾਂ ਲਈ ਚੱਲ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਕਲਾਸ ਵਿੱਚ ਕਿਸਾਨਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਸਬੰਧੀ ਪੀ ਏ ਯੂ ਦੀਆਂ ਸਿਫ਼ਾਰਸ਼ ਕੀਤੀਆਂ ਸਪਰੇਆਂ ਕਰਨ ਦੀ ਅਪੀਲ ਕੀਤੀ ਗਈ।

ਪ੍ਰਸ਼ਾਸਨ ਵੱਲੋਂ ਪਿੰਡਾਂ 'ਚ ਪਹੁੰਚ ਕੇ ਜਾਇਜ਼ ਸਮੱਸਿਆਵਾਂ ਦਾ ਕੀਤਾ ਜਾਵੇਗਾ ਨਿਪਟਾਰਾ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ) ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਨੂੰ ਸੂਚਾਰੂ ਢੰਗ ਨਾਲ ਲਾਗੂ ਕਰਨ ਦੇ ਮੰਤਵ ਨਾਲ ਸ੍ਰੀ ਮੁਕਤਸਰ ਸਾਹਿਬ, ਮਲੋਟ ਅਤੇ ਗਿੱਦੜਬਾਹਾ ਸਬ ਡਵੀਜ਼ਨ ਦੇ ਪਿੰਡਾਂ ਵਿੱਚ 8 ਫਰਵਰੀ ਤੋਂ 28 ਫਰਵਰੀ ਤੱਕ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਬਾਅਦ ਦੁਪਹਿਰ 3 ਵਜੇ ਤੋਂ 5 ਵਜੇ ਤੱਕ ਦੌਰੇ ਕਰਨ ਸਬੰਧੀ ਪ੍ਰੋਗਰਾਮ ਉਲੀਕਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਸ਼ਡਿਊਲ ਅਨੁਸਾਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਖੁਦ ਮੌਕੇ 'ਤੇ ਪਿੰਡਾਂ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਉਪਰੰਤ ਜਲਦ ਤੋਂ ਜਲਦ ਹੱਲ ਕਰਾਉਣ ਦੇ ਪਾਬੰਦ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਸ਼ਡਿਊਲ ਅਨੁਸਾਰ ਉਹ ਖੁਦ 10 ਫਰਵਰੀ ਨੂੰ ਪਿੰਡ ਲੰਬੀ ਵਿਖੇ ਪੰਜਾਵਾਂ, ਖੁੱਡੀਆਂ ਗੁਲਾਬ ਸਿੰਘ, ਖੁੱਡੀਆਂਵਾਲਾ ਤੇ ਚੰਨੂ ਪਿੰਡ ਅਤੇ 20 ਫਰਵਰੀ ਨੂੰ ਜੰਡੋਕੇ ਵਿਖੇ ਰੰਧਾਵਾਂ, ਬੁੱਢੀਮਾਰ, ਸੱਕਾਂਵਾਲੀ, ਚੱਕ ਬਾਜਾ ਮਰਾੜ ਦੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨਗੇ।

ਵਧੀਕ ਡਿਪਟੀ ਕਮਿਸ਼ਨਰ (ਜ਼) ਸ੍ਰੀ ਮੁਕਤਸਰ ਸਾਹਿਬ ਪਿੰਡ ਚਿੱਬੜਾਂਵਾਲੀ ਵਿਖੇ 8 ਫਰਵਰੀ ਨੂੰ ਚੱਕ ਸ਼ੇਰੇਵਾਲਾ, ਗੰਧੜ ਤੇ ਖੁੱਡੇ ਹਲਾਲ ਤੋਂ ਇਲਾਵਾ 21 ਫਰਵਰੀ ਨੂੰ ਪਿੰਡ ਰਾਣੀਵਾਲਾ ਵਿਖੇ ਮਿੱਡਾ, ਕਰਮਪੱਟੀ ਤੇ ਬੋਦੀਵਾਲਾ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ। ਐਸ.ਡੀ.ਐਮ.ਗਿੱਦੜਬਾਹਾ ਵੱਲੋਂ 9 ਫਰਵਰੀ ਨੂੰ ਅਬਲੂ ਕੋਟਲੀ ਵਿਖੇ ਪਹੁੰਚ ਕੇ ਕੋਠੇ ਹਜੂਰਾ ਸਿੰਘ ਵਾਲੇ, ਕੋਠੇ ਅਮਨਗੜ੍ਹ ਤੇ ਹੋਰ ਸਬੰਧਤ ਕੋਠੇ ਅਤੇ 23 ਫਰਵਰੀ ਨੂੰ ਦੋਲਾ ਵਿਖੇ ਭਾਰੂ, ਸੇਖ ਤੇ ਹੁਸਨਰ ਦਾ ਦੌਰਾ ਕੀਤਾ ਜਾਵੇਗਾ। ਪ੍ਰੋਗਰਾਮ ਅਨੁਸਾਰ 22 ਫਰਵਰੀ ਨੂੰ ਐਸ.ਡੀ.ਐਮ. ਵੱਲੋਂ ਪਿੰਡ ਡੱਬਵਾਲੀ ਮਲਕੋ ਵਿਖੇ ਕਿਲਿਆਂਵਾਲੀ ਤੇ ਛਾਪਿਆਂਵਾਲੀ ਅਤੇ ਐਸ.ਡੀ.ਐਮ. ਸ੍ਰੀ ਮੁਕਤਸਰ ਸਾਹਿਬ ਵਲੋਂ 24 ਫਰਵਰੀ ਨੂੰ ਭੰਗੇਵਾਲਾ ਵਿੱਚ ਸੀਰਵਾਲਾ, ਮਾਨ ਸਿੰਘਵਾਲਾ ਤੇ ਲੁਬਾਣਿਆਂਵਾਲੀ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ।

13 ਫਰਵਰੀ ਨੂੰ ਡੀ.ਡੀ.ਪੀ.ਓ.ਪਿੰਡ ਗਿਲਜੇਵਾਲਾ ਵਿਖੇ ਪਿੰਡ ਚੱਕ ਗਿਲਜੇਵਾਲਾ, ਖੁੰਨਣ ਖੁਰਦ ਤੇ ਸੋਥਾ ਅਤੇ 27 ਫਰਵਰੀ ਨੂੰ ਕਬਰਵਾਲਾ ਵਿਖੇ ਪਹੁੰਚ ਕੇ ਸਰਾਵਾਂ ਬੋਦਲਾ, ਬੁਰਜ ਸਿੱਧਵਾਂ ਵਿਖੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਸੁਣਨਗੇ। 14 ਫਰਵਰੀ ਨੂੰ ਬੀ.ਡੀ.ਪੀ.ਓ ਵੱਲੋਂ ਮਰਾਜਵਾਲਾ ਵਿਖੇ ਪਿੰਡ ਫੂਲੇਵਾਲਾ, ਚੱਕ ਦੂਹੇਵਾਲਾ ਧਿਗਾਣਾ ਤੇ 28 ਫਰਵਰੀ ਨੂੰ ਕਾਨਿਆਂਵਾਲੀ ਵਿਖੇ ਕ੍ਰਿਪਾਲਕੇ, ਕੁਕਰੀਆ ਜਗਤ ਸਿੰਘ ਵਾਲਾ, ਬੀ.ਡੀ.ਪੀ.ਓ ਮਲੋਟ ਵੱਲੋਂ 15 ਫਰਵਰੀ ਨੂੰ ਪਿੰਡ ਘੁਮਿਆਰਾ ਵਿਖੇ ਲੁਹਾਰਾ ਤੇ ਮਿੱਡੂਖੇੜਾ, ਬੀ.ਡੀ.ਪੀ.ਓ. ਲੰਬੀ ਵੱਲੋਂ 16 ਫਰਵਰੀ ਨੂੰ ਭੂੰਦੜ ਵਿਖੇ ਪਿੰਡ ਗੁਰੂਸਰ, ਕਰਾਈਵਾਲਾ ਅਤੇ ਵਾਦੀਆ ਵਿਖੇ ਪਹੁੰਚ ਕੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ।

ਕਾਤਰਾਂ

ਤਨਖ਼ਾਹਾਂ ਨਾ ਮਿਲਣ 'ਤੇ ਐੱਸ ਐੱਮ ਓ ਨੂੰ ਸੌਂਪਿਆ ਮੰਗ ਪੱਤਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਮਲਟੀਪਰਪਜ਼ ਹੈੱਲਥ ਵਰਕਰ ਯੂਨੀਅਨ ਮੋਗ-ਫੀਮੋਲ ਜ਼ਿਲ੍ਹਾ ਫ਼ਿਰੋਜ਼ਪੁਰ ਬਲਾਕ ਫ਼ਿਰੋਜ਼ਸ਼ਾਹ ਦੇ ਆਗੂ ਜਸਵੰਤ ਸਿੰਘ, ਰਮਨਦੀਪ ਸਿੰਘ ਤੇ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸੀਨੀਅਰ ਮੈਡੀਕਲ ਅਫ਼ਸਰ ਡਾ. ਚੇਤਨ ਨੂੰ ਮਲਟੀਪਰਪਜ਼ ਹੈਲਥ ਵਰਕਰਾਂ ਨੂੰ ਨਵੰਬਰ ਮਹੀਨੇ ਤੋਂ ਤਨਖ਼ਾਹਾਂ ਨਾ ਮਿਲਣ ਕਰਕੇ ਮੰਗ ਪੱਤਰ ਦਿੱਤਾ ਗਿਆ।ਆਗੂਆਂ ਨੇ ਦੱਸਿਆ ਕਿ ਤਨਖ਼ਾਹ ਨਾ ਮਿਲਣ ਕਰਕੇ ਪੂਰੇ ਕੇਡਰ ਵਿਚ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜੇਕਰ 11 ਫਰਵਰੀ ਤੱਕ ਤਨਖ਼ਾਹਾਂ ਦਾ ਬਜਟ ਨਹੀਂ ਆਉਂਦਾ ਤਾਂ ਸਮੂਹ ਮਲਟੀਪਰਪਜ਼ ਹੈਲਥ ਵਰਕਰ 11 ਤਾਰੀਕ ਨੂੰ ਪੂਰੇ ਪੰਜਾਬ ਵਿਚ ਆਪਣਾ ਕੰਮ ਬੰਦ ਕਰਕੇ ਖ਼ਜ਼ਾਨਾ ਮੰਤਰੀ ਪੰਜਾਬ ਦਾ ਕੋਠੀ ਦਾ ਘਿਰਾਓ ਕਰਨਗੇ।ਇਸ ਮੌਕੇ ਓਮ ਪ੍ਰਕਾਸ਼, ਹਰਨੇਕ ਸਿੰਘ, ਸਤਨਾਮ ਸਿੰਘ ਤੇ ਗੁਰਦੇਵ ਸਿੰਘ ਆਦਿ ਹਾਜ਼ਰ ਸਨ।

ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ ਕਿਸਾਨ ਸੰਘਰਸ਼ : ਔਲਖ

ਸਿਰਸਾ (ਸੁਰਿੰਦਰ ਪਾਲ ਸਿੰਘ) ਕਿਸਾਨ ਮਹਾਂ ਪੰਚਾਇਤ 'ਚ ਪੰਜਾਬ, ਰਾਜਸਥਾਨ, ਕਰਨਾਟਕ ਤੇ ਤਾਮਲਨਾਡੂ ਤੋਂ ਪੁੱਜੇ ਕਿਸਾਨ ਆਗੂਆਂ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਸੂਬਿਆਂ ਦੇ ਕਿਸਾਨ ਹਰਿਆਣਾ ਦੇ ਕਿਸਾਨਾਂ ਦੇ ਨਾਲ ਹਨ।ਮਹਾਂਪੰਚਾਇਤ ਦੌਰਾਨ ਕਿਸਾਨ ਆਗੂਆਂ ਨੇ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਤੇ ਹੋਰ ਮੰਗਾਂ ਦੇ ਪੂਰੀਆਂ ਹੋਣ ਤੱਕ ਪੱਕਾ ਮੋਰਚਾ ਜਾਰੀ ਰੱਖਣ ਤੇ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਅਹਿਦ ਲਿਆ।ਕਿਸਾਨਾਂ ਨੇ ਮੰਗਾਂ ਦੀ ਪੂਰਤੀ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਭਾਰਤੀ ਕਿਸਾਨ ਏਕਤਾ ਦੇ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਦੇ ਅਧਿਕਾਰੀ ਕਿਸਾਨਾਂ ਨੂੰ ਅਣਗੌਲਿਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਲ 2020 ਚ ਨੁਕਸਾਨੀਆਂ ਫ਼ਸਲਾਂ ਦਾ 253 ਕਰੋੜ ਰੁਪਏ ਦੇ ਮੁਆਵਜ਼ਾ ਬਾਕੀ ਹੈ। ਕਿਸਾਨ ਆਗੂਆਂ ਨੇ ਕਿਹਾ ਬਿਜਲੀ, ਨਹਿਰੀ ਪਾਣੀ, ਡੀ.ਏ.ਪੀ. ਤੇ ਯੂਰੀਆ ਖਾਦ ਤੋਂ ਇਲਾਵਾ ਨਕਲੀ ਕੀਟ ਨਾਸ਼ਕਾਂ ਤੇ ਨਦੀਨ ਨਾਸ਼ਕ ਤੇ ਰੋਕ ਲਾਉਣ ਦੀ ਮੰਗ ਕੀਤੀ। ਇਸ ਮੌਕੇ ਕਿਸਾਨ ਮਹਾਂ ਪੰਚਾਇਤ ਵਿਚ ਵੱਡੀ ਗਿਣਤੀ 'ਚ ਖੇਤਰ ਦੇ ਕਿਸਾਨ ਮੌਜੂਦ ਰਹੇ।

ਪੀ.ਡੀ.ਐੱਫ.ਏ. ਦੇ ਮੇਲੇ 'ਤੇ ਕੀਤੀ ਜਲ ਸੇਵਾ

ਜਗਰਾਉਂ, (ਅਮਿਤ ਖੰਨਾ) ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਵੱਲੋਂ ਪੀ.ਡੀ.ਐਫ਼.ਏ. ਦੇ ਮੇਲੇ 'ਤੇ ਪੁੱਜੇ ਡੇਅਰੀ ਤੇ ਖੇਤੀ ਕਿੱਤੇ ਨਾਲ ਜੁੜੇ ਲੋਕਾਂ ਤੇ ਪਸ਼ੂਆਂ ਲਈ ਫ੍ਰੀ ਜਲ ਦੀ ਸੇਵਾ ਕੀਤੀ ਤੇ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਦਾ ਜਲ ਦੀ ਸੇਵਾ ਕਰਨ ਵਾਲਾ ਕੈਂਟਰ ਤਿੰਨੇ ਦਿਨ ਮੇਲੇ 'ਤੇ ਮੌਜੂਦ ਰਿਹਾ। ਪੀ.ਡੀ.ਐਫ.ਏ. ਮੇਲੇ 'ਤੇ ਪੁੱਜੇ ਕਿਸਾਨਾਂ ਤੇ ਹੋਰਨਾਂ ਲੋਕਾਂ ਨੇ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਦੇ ਇਸ ਉੱਦਮ ਦੀ ਸ਼ਲਾਘਾ ਵੀ ਕੀਤੀ। ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਵੱਲੋਂ ਜਿੱਥੇ ਬੇਸਹਾਰਾ ਜ਼ਖ਼ਮੀ ਗਊਆਂ ਤੇ ਜੀਵਾਂ ਦਾ ਇਲਾਜ ਤੇ ਸੇਵ ਸੰਭਾਲ ਕੀਤੀ ਜਾਂਦੀ, ਉੱਥੇ ਹਰ ਲੋੜਵੰਦ ਥਾਂਵਾਂ 'ਤੇ ਜਾ ਕੇ ਫ੍ਰੀ ਜਲ ਦੀ ਸੇਵਾ ਵੀ ਕੀਤੀ ਜਾਦੀ ਹੈ। ਉਨ੍ਹਾਂ ਦੱਸਿਆ ਕਿ ਹੀਰਾ ਐਨੀਮਲਜ਼ ਹਸਪਤਾਲ ਵਿਖੇ ਦਾਨੀ ਤੇ ਸਹਿਯੋਗੀ ਵੀਰਾਂ ਦੇ ਸਹਿਯੋਗ ਨਾਲ ਹੀ ਜ਼ਖ਼ਮੀ ਗਊਆ ਤੇ ਜੀਵਾਂ ਦਾ ਨਿਸ਼ਕਾਮ ਇਲਾਜ ਕੀਤਾ ਜਾਂਦਾ ਹੈ ਤੇ ਉਨ੍ਹਾਂ ਦੀ ਸੇਵਾ ਸੰਭਾਲ ਵੀ ਕੀਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਨਾਲ ਕਾਕਾ ਪੰਡਿਤ ਸੇਵਾਦਾਰ, ਦਵਿੰਦਰ ਸਿੰਘ ਢਿੱਲੋਂ, ਮੰਦਰ ਸਿੰਘ ਕਾਉਂਕੇ, ਚਰਨ ਸਿੰਘ ਅਗਵਾੜ ਡਾਲਾ ਸਮੇਤ ਹੋਰ ਵੀ ਹਸਪਤਾਲ ਦੇ ਸੇਵਾਦਾਰ ਹਾਜ਼ਰ ਸਨ।

ਬਾਪੂ ਨਿਰੰਜਨ ਸਿੰਘ ਸਿੱਧੂ ਨਮਿਤ ਅੰਤਮ ਅਰਦਾਸ 11 ਨੂੰ

ਮਮਦੋਟ (ਹਰਪਾਲ ਸਿੰਘ ਸੋਢੀ) ਪੰਜਾਬ ਪੁਲਸ ਦੇ ਕ੍ਰਮਚਾਰੀ ਸਤਨਾਮ ਸਿੰਘ ਸਿੱਧੂ ਤੇ ਗੁਰਨਾਮ ਸਿੰਘ ਸਿੱਧੂ ਪਿੰਡ ਭੁੱਟੀਆਂ ਦੇ ਪਿਤਾ ਬਾਪੂ ਨਿਰੰਜਨ ਸਿੰਘ ਸਿੱਧੂ (90) ਦਾ ਬੀਤੇ ਦਿਨੀ ਦੇਹਾਂਤ ਹੋ ਜਾਣ ਕਰਕੇ ਪਰਵਾਰ ਨੂੰ ਵੱਡਾ ਸਦਮਾ ਲੱਗਾ ਹੈ। ਇਸ ਦੁੱਖ

9-Feb-PAGE-8.qxd 2/8/2023 10:53 PM Page 1

ਵਾਹਨ ਚੋਰੀ ਕਰਨ ਵਾਲੇ ਅੰਤਰਰਾਜੀ ਗਰੋਹ ਦੇ 6 ਮੈਂਬਰ ਕਾਬੂ

ਮੋਹਾਲੀ (ਗੁਰਜੀਤ ਬਿੱਲਾ)

ਡਾ. ਸੰਦੀਪ ਕੁਮਾਰ ਗਰਗ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਐਸ.ਏ.ਐਸ ਨਗਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਮੋਹਾਲੀ ਪੁਲਸ ਵਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁੰਹਿਮ ਤਹਿਤ ਅਮਨਦੀਪ ਸਿੰਘ ਬਰਾੜ, ਪੀ.ਪੀ.ਐਸ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ), ਐਸ.ਏ.ਐਸ ਨਗਰ ਅਤੇ ਗੁਰਸ਼ੇਰ ਸਿੰਘ ਸੰਧੂ, ਪੀ.ਪੀ.ਐਸ, ਉਪ ਕਪਤਾਨ ਪੁਲਸ (ਇੰਨਵੈਸਟੀਗੇਸ਼ਨ), ਐਸ.ਏ.ਐਸ ਨਗਰ ਦੀ ਅਗਵਾਈ ਹੇਠ ਇੰਸ: ਸ਼ਿਵ ਕੁਮਾਰ, ਇੰਚਾਰਜ, ਸੀ.ਆਈ.ਏ ਸਟਾਫ, ਮੋਹਾਲੀ ਵੱਲੋ ਸਾਲ 2021 ਤੋਂ ਜ਼ਿਲ੍ਹਾ ਮੋਹਾਲੀ, ਹਰਿਆਣਾ, ਦਿੱਲੀ ਅਤੇ ਯੂ.ਪੀ ਦੇ ਏਰੀਆ ਵਿੱਚੋ ਗੱਡੀਆਂ ਅਤੇ ਮੋਟਰਸਾਇਕਲ ਚੋਰੀ ਕਰਨ ਵਾਲੇ ਗਿਰੋਹ ਦੇ 6 ਮੈਂਬਰਾਂ ਨੂੰ ਕਾਬੂ ਕਰ ਕੇ ਉਨ੍ਹਾਂ ਪਾਸੋਂ ਚੋਰੀ ਦੀਆਂ 35 ਕਾਰਾਂ, ਸਕੂਟਰ/ਮੋਟਰਸਾਈਕਲ ਅਤੇ ਸਕਰੇਪ ਬ੍ਰਾਮਦ ਕਰਨ ਵਿੱਚ ਅਹਿਮ ਸਫਲਤਾ ਹਾਸਲ ਕੀਤੀ ਹੈ। ਡਾ: ਗਰਗ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵਾਹਨ ਚੋਰੀ ਸਬੰਧੀ ਮੁਕੱਦਮਾ ਨੰਬਰ 12 ਮਿਤੀ 16-01-2023 ਅ/ਧ 379,411 ਭ:ਦ:, ਥਾਣਾ ਫੇਸ-8, ਮੋਹਾਲੀ ਦਰਜ ਸੀ, ਜਿਸ ਦੀ ਤਫਤੀਸ਼ ਦੌਰਾਨ ਇੰਦਰਪ੍ਰੀਤ ਸਿੰਘ ਉੱਰਫ ਪ੍ਰਿੰਸ ਵਾਸੀ ਪਿੰਡ ਰਾਈਆਵਾਲਾ ਰੋਡ ਥਾਣਾ ਸਿਟੀ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ, ਉਮਰ ਕਰੀਬ 30 ਸਾਲ। (ਗ੍ਰਿਫ: ਮਿਤੀ: 05-02-2023), ਗੁਰਵਿੰਦਰ ਸਿੰਘ ਉੱਰਫ ਗੁਰੀ ਵਾਸੀ #165/6 ਗੁਰੂ ਤੇਗ ਬਹਾਦਰ ਨਗਰ ਖਰੜ ਥਾਣਾ ਸਿਟੀ ਖਰੜ ਜ਼ਿਲ੍ਹਾ ਐਸ.ਏ.ਐਸ ਨਗਰ, ਉਮਰ ਕਰੀਬ 31 ਸਾਲ। (ਗ੍ਰਿਫ: ਮਿਤੀ: 05-02-2023), ਪਰਵਿੰਦਰ ਸਿੰਘ ਉੱਰਫ ਪਿੰਦੂ ਵਾਸੀ ਪਿੰਡ ਕਮਰਾਵਾਲੀ ਥਾਣਾ ਸਿਟੀ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ, ਉਮਰ ਕਰੀਬ 22 ਸਾਲ (ਗ੍ਰਿਫ: ਮਿਤੀ: 06-02-2023), ਰਾਜੇਸ਼ ਕੁਮਾਰ ਉੱਰਫ ਰਿੰਕੂ ਵਾਸੀ ਜੋਹਲ ਕਲੋਨੀ ਜਲਾਲਾਬਾਦ ਥਾਣਾ ਜਲਾਲਾਬਾਦ ਜ਼ਿਲ੍ਹਾ

ਫਾਜ਼ਿਲਕਾ, ਉਮਰ ਕਰੀਬ 30 ਸਾਲ। (ਗ੍ਰਿਫ: ਮਿਤੀ: 06-02-2023), ਸੁਖਰਾਜ ਸਿੰਘ ਉੱਰਫ ਸੁੱਖਾ ਵਾਸੀ ਪਿੰਡ ਠੱਠਾ ਥਾਣਾ ਸਰਹਾਲੀ ਜ਼ਿਲ੍ਹਾ ਤਰਨ ਤਾਰਨ ਹਾਲ ਵਾਸੀ #218 ਏ.ਕੇ.ਐਸ ਕਲੋਨੀ ਨੇੜੇ ਫੌਜੀ ਢਾਬਾ ਜ਼ੀਰਕਪੁਰ, ਐਸ.ਏ.ਐਸ ਨਗਰ, ਉਮਰ ਕਰੀਬ 27 ਸਾਲ। (ਗ੍ਰਿਫ: ਮਿਤੀ: 07-02-2023), ਜਸਪਾਲ ਸਿੰਘ ਉੱਰਫ ਜੱਸਾ ਵਾਸੀ #218 ਏ.ਕੇ.ਐਸ ਕਲੋਨੀ ਨੇੜੇ ਫੌਜੀ ਢਾਬਾ ਜੀਰਕਪੁਰ, ਐਸ.ਏ.ਐਸ ਨਗਰ, ਉਮਰ ਕਰੀਬ 22 ਸਾਲ। (ਗ੍ਰਿਫ: ਮਿਤੀ: 07-02-2023) ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਗਿਰੋਹ ਨੂੰ ਕਾਬੂ ਕਰਨ ਨਾਲ ਜ਼ਿਲ੍ਹਾ ਐਸ.ਏ.ਐਸ ਨਗਰ ਵਿੱਚ ਵਾਹਨ ਚੋਰੀ ਹੋਣ ਦੇ ਕਰੀਬ 20 ਮੁਕੱਦਮੇ ਟਰੇਸ ਕਰਕੇ 31 ਵਹੀਕਲ ਬ੍ਰਾਮਦ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਗਈ ਹੈ। ਮੁਲਜ਼ਮਾਂ ਪਾਸੋਂ 4,08,150 ਰੁਪਏ ਨਕਦ,35 ਗੱਡੀਆਂ,8 ਦੋਪਹੀਆ ਵਾਹਨ ਅਤੇ ਗੱਡੀਆਂ ਦੀ ਸਕਰੈਪ ਬ੍ਰਾਮਦ ਕੀਤੀ ਗਈ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਕਾਬੂ ਕੀਤੇ ਗਿਰੋਹ ਵਿੱਚੋ ਇੰਦਰਪ੍ਰੀਤ ਸਿੰਘ ਉੱਰਫ ਪ੍ਰਿੰਸ, ਗੁਰਵਿੰਦਰ ਸਿੰਘ ਉੱਰਫ ਗੁਰੀ, ਸੁਖਰਾਜ ਸਿੰਘ ਉੱਰਫ ਸੁੱਖਾ, ਜਸਪਾਲ ਸਿੰਘ ਉੱਰਫ ਜੱਸਾ ਅਤੇ ਪਰਵਿੰਦਰ ਸਿੰਘ ਉੱਰਫ ਪਿੰਦੂ ਮਿਲ ਕੇ ਪਹਿਲਾ ਮੋਟਰਸਾਇਕਲ ਜਾਂ ਸਕੂਟਰ ਦੀ ਵਰਤੋਂ ਕਰ ਕੇ ਚੋਰੀ ਕਰਨ ਵਾਲੀ ਗੱਡੀਆਂ ਦੀ ਦਿਨ ਸਮੇਂ ਰੈਕੀ ਕਰਦੇ ਸਨ ਤੇ ਖਾਸ ਕਰਕੇ ਇਹ ਛੋਟੀਆਂ ਗੱਡੀਆਂ ਨੂੰ ਚੋਰੀ ਕਰਦੇ ਸਨ ਅਤੇ ਸਕਰੈਪ ਡੀਲਰ ਪਾਸ ਆਸਾਨੀ ਨਾਲ ਵੇਚ ਦਿੰਦੇ ਸਨ। ਇਹ ਗਿਰੋਹ ਪਿਛਲੇ 2 ਸਾਲ ਤੋਂ ਮੋਟਰਸਾਇਕਲ ਤੇ ਕਾਰਾਂ ਚੋਰੀ ਕਰਦਾ ਸੀ। ਇਹ ਪ੍ਰਤੀ ਕਾਰ 17 ਤੋਂ 20 ਹਜ਼ਾਰ ਰੁਪਏ ਵਿੱਚ ਵੇਚ ਦਿੰਦੇ ਸਨ। ਇਸ ਗਿਰੋਹ ਵਿੱਚ ਸ਼ਾਮਿਲ ਇੰਦਰਪ੍ਰੀਤ ਸਿੰਘ ਉੱਰਫ ਪ੍ਰਿੰਸ ਜੋ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਦਾ ਰਹਿਣ ਵਾਲਾ ਹੈ ਅਤੇ ਸਾਲ 2021 ਤੋਂ ਜੀਰਕਪੁਰ ਵਿੱਚ ਰਹਿ ਕੇ ਟ੍ਰਾਈਸਿਟੀ ਵਿੱਚ ਟੈਕਸੀ ਚਲਾਉਂਦਾ ਸੀ। ਇਸ ਕਰਕੇ ਮੁਲਜਮ ਪ੍ਰਿੰਸ ਨੂੰ ਕਾਰਾਂ ਅਤੇ ਮੋਟਰਸਾਈਕਲ ਚੋਰੀ ਕਰਕੇ ਵੇਚਣੇ ਪੈਸੇ ਕਮਾਉਣ ਦਾ ਆਸਾਨ ਸਾਧਨ ਲੱਗਦਾ ਸੀ। ਜੋ ਚੋਰੀ ਕੀਤੀਆਂ ਗੱਡੀਆਂ ਨੂੰ ਜਲਾਲਾਬਾਦ ਵਿਖੇ ਹੀ ਮੁਲਜ਼ਮ ਰਾਜੇਸ਼ ਕੁਮਾਰ ਉੱਰਫ ਰਿੰਕੂ ਸਕਰੈਪ ਡੀਲਰ ਨੂੰ ਵੇਚ ਦਿੰਦਾ ਸੀ। ਚੋਰੀ ਕੀਤੀਆਂ ਗੱਡੀਆਂ ਨੂੰ ਜਲਾਲਾਬਾਦ ਦੇ ਕਬਾੜੀਆਂ ਵੱਲੋਂ ਸਕਰੈਪ ਬਣਾ ਕੇ ਮੰਡੀ ਗੋਬਿੰਦਗੜ੍ਹ ਏਰੀਏ ਵਿੱਚ ਅੱਗੇ ਵੇਚ ਦਿੱਤਾ ਜਾਂਦਾ ਸੀ।

ਸਿੱਖਿਆ ਦੇ ਸੁਧਾਰ ਲਈ ਪੰਜਾਬ ਸਰਕਾਰ ਕਰ ਰਹੀ ਹੈ ਹਰ ਸੰਭਵ ਕੋਸ਼ਿਸ਼ : ਜਸਵੀਰ ਰਾਜਾ

ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਦੇ ਸੁਧਾਰ ਅਤੇ ਮਿਆਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਉੜਮੁੜ ਦੇ ਵਿਧਾਇਕ ਜਸਵੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਹਲਕੇ ਦੇ ਸਰਕਾਰੀ ਸਕੂਲਾਂ ਨੂੰ ਬਿਹਤਰ ਅਤੇ ਆਧੁਨਿਕ ਬਨਾਉਣ ਲਈ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮਿਲ ਕੇ ਗੱਲਬਾਤ ਕੀਤੀ ਗਈ ਅਤੇ ਸਿੱਖਿਆਂ ਮੰਤਰੀ ਵਲੋਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਵਲੋਂ ਹਲਕੇ ਦੇ ਸਰਕਾਰੀ ਸਕੂਲਾਂ ਦੀ ਇਕ ਲਿਸਟ ਵੀ ਦਿੱਤੀ ਗਈ ਹੈ ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਅਤੇ ਹੋਰ ਪਿੰਡਾਂ ਦੇ ਸਰਕਾਰੀ ਸਕੂਲ ਜਿਨ੍ਹਾਂ ਨੂੰ ਮਾਡਰਨ ਸਕੂਲ ਵਜੋਂ ਵਿਕਸਿਤ ਕੀਤਾ ਜਾਵੇਗਾ ਤਾਂ ਜੋ ਪਿੰਡਾਂ ਦੇ ਬੱਚੇ ਵੀ ਚੰਗੀ ਸਿੱਖਿਆ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਹਲਕੇ ਦੇ ਸਕੂਲਾਂ ਦੀਆਂ ਕੰਪਿਊਟਰ ਅਤੇ ਸਾਇੰਸ ਲੈਬਾਂ ਨੂੰ ਹੋਰ ਆਧੁਨਿਕ ਬਣਾਇਆ ਜਾਵੇਗਾ ਅਤੇ ਜਿਨ੍ਹਾਂ ਸਕੂਲਾਂ ਵਿਚ ਇਮਾਰਤਾਂ ਦੀ ਘਾਟ ਹੈ ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੀਤੇ ਵੀਹ ਸਾਲਾਂ ਦੌਰਾਨ ਵੱਖ-ਵੱਖ ਪਾਰਟੀ ਦੀਆਂ ਸਰਕਾਰਾਂ ਵੱਲੋਂ ਸਿੱਖਿਆ ਦੇ ਬੁਨਿਆਦੀ ਢਾਂਚੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਨਾ ਹੀ ਲੋੜ ਅਨੁਸਾਰ ਟੀਚਰਾਂ ਦੀ ਭਰਤੀ ਕੀਤੀ ਜਿਸ ਕਾਰਨ ਮੌਜੂਦਾ ਸਰਕਾਰ ਨੂੰ ਸਿਖਿਆ ਦੇ ਹਰ ਪੱਖ ਤੇ ਗੰਭੀਰਤਾ ਨਾਲ ਵਿਚਾਰ ਕਰਨੀ ਪੈ ਰਹੀ ਹੈ ਕਿ ਭਗਵੰਤ ਮਾਨ ਸਰਕਾਰ ਦਾ ਇਹ ਪਹਿਲਾ ਟੀਚਾ ਹੈ ਕਿ ਉਹ ਸਕੂਲੀ ਸਿੱਖਿਆ ਨੂੰ ਵਿਸਵ ਪੱਧਰ ਦੀ ਸਿੱਖਿਆ ਦੇ ਬਰਾਬਰ ਖੜ੍ਹਾ ਕਰੇ । ਇਸ ਮੌਕੇ ਉਨ੍ਹਾਂ ਨਾਲ ਅਤਵਾਰ ਸਿੰਘ ਪਲਾਚੱਕ, ਸਿਟੀ ਪ੍ਰਧਾਨ ਜਗਜੀਵਨ ਜੱਗੀ ,ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ ,ਬੇਟ ਖੇਤਰ ਦੇ ਇੰਚਾਰਜ ਰਜਿੰਦਰ ਸਿੰਘ ਮਾਰਸਲ , ਸੇਵਾ ਸਿੰਘ ,ਬਲਜੀਤ ਸਿੰਘ ਸੈਣੀ,ਅਵਤਾਰ ਸਿੰਘ ਦਸਮੇਸ਼ ਨਗਰ ਅਤੇ ਹੋਰ ਵਰਕਰ ਹਾਜਰ ਸਨ।

69ਵੀਂ ਇੰਟਰ ਸਰਵਿਸਿਜ਼ ਹਾਕੀ ਚੈਂਪੀਅਨਸ਼ਿਪ ਸ਼ੁਰੂ

ਜਲੰਧਰ (ਸੁਰਿੰਦਰ ਕੁਮਾਰ)

69ਵੀਂ ਇੰਟਰ ਸਰਵਿਸਿਜ ਹਾਕੀ ਚੈਂਪੀਅਨਸ਼ਿਪ ਦੀ ਸ਼ੁਰੂਆਤ ਕਟੋਚ ਸਟੇਡੀਅਮ, ਜਲੰਧਰ ਛਾਉਣੀ ਵਿਖੇ ਹੋਏ ਉਦਘਾਟਨੀ ਸਮਾਰੋਹ ਨਾਲ ਹੋਈ। ਟੀਮਾਂ ਵੱਲੋਂ ਪ੍ਰਭਾਵਸ਼ਾਲੀ ਮਾਰਚ ਪਾਸਟ ਤੋਂ ਬਾਅਦ ਸਹੁੰ ਚੁੱਕ ਸਮਾਗਮ ਕੀਤਾ ਗਿਆ। 2022 ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਭਾਰਤੀ ਜਲ ਸੈਨਾ ਟੀਮ ਦੇ ਪੈਟੀ ਅਫਸਰ ਜੁਗਰਾਜ ਦੁਆਰਾ ਸਹੁੰ ਚੁਕਾਈ ਗਈ। ਇਸ ਮੌਕੇ ਮੇਜਰ ਜਨਰਲ ਵਿਕਾਸ ਸੈਣੀ, ਚੀਫ ਆਫ ਸਟਾਫ, ਹੈੱਡਕੁਆਰਟਰ ਵਜਰਾ ਕੋਰ ਨੇ ਖਿਡਾਰੀਆਂ ਨੂੰ ਆਪਣੀ ਮਿਸਾਲੀ ਹਾਕੀ ਹੁਨਰ ਦਾ ਪ੍ਰਦਰਸ਼ਨ ਕਰਨ ਅਤੇ ਖੇਡਾਂ ਦੀਆਂ ਉੱਚ ਪਰੰਪਰਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਪ੍ਰੇਰਿਤ ਕੀਤਾ। ਉਦਘਾਟਨੀ ਮੈਚ ਇੰਡੀਅਨ ਆਰਮੀ ਰੈੱਡ ਅਤੇ ਇੰਡੀਅਨ ਆਰਮੀ ਗ੍ਰੀਨ ਵਿਚਕਾਰ ਖੇਡਿਆ ਗਿਆ। ਆਰਮੀ ਰੈੱਡ ਨੇ ਇਹ ਮੈਚ 4-1 ਦੇ ਸਕੋਰ ਨਾਲ ਜਿੱਤਿਆ। ਆਰਮੀ ਰੈੱਡ ਦੇ ਜਗਜੋਤ ਸਿੰਘ ਨੇ ਹੈਟ੍ਰਿਕ ਬਣਾਈ। ਚੈਂਪੀਅਨਸ਼ਿਪ ਦਾ ਫਾਈਨਲ ਮੈਚ 10 ਫਰਵਰੀ 2023 ਨੂੰ ਖੇਡਿਆ ਜਾਵੇਗਾ।

ਸੋਸਵਾ ਦੇ ਡਾਇਰੈਕਟਰ ਮੈਂਬਰ ਨੇ ਕੀਤਾ ਵੋਕੇਸ਼ਨਲ ਸੈਂਟਰ ਦਾ ਦੌਰਾ

ਫਗਵਾੜਾ (ਜਸਵਿੰਦਰ ਢੱਡਾ)

ਪੰਜਾਬ ਸਰਕਾਰ ਦੀ ਸਕਿਲ ਡਿਵੈਲਪਮੈਂਟ ਯੋਜਨਾ ਅਧੀਨ ਡਿਪਟੀ ਕਮਿਸ਼ਨਰ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਔਰਤਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਦੇ ਮਨੋਰਥ ਨਾਲ ਸੋਸਵਾ ਪੰਜਾਬ ਦੇ ਸਹਿਯੋਗ ਸਦਕਾ ਸਰਬ ਨੌਜਵਾਨ ਸਭਾ ਵਲੋਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖਰੇਖ ਹੇਠ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਦਾ ਸੋਸਵਾ ਪੰਜਾਬ ਦੇ ਡਾਇਰੈਕਟਰ ਮੈਂਬਰ ਡਾ: ਗੀਨਾ ਸਿੰਘ ਨੇ ਦੌਰਾ ਕੀਤਾ। ਇਸ ਮੌਕੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਉਹਨਾਂ ਨੂੰ ਸੈਂਟਰ ਦੀਆਂ ਗਤੀਵਿਧੀਆਂ ਨਾਲ ਜਾਣੂ ਕਰਵਾਇਆ ਅਤੇ ਨਾਲ ਹੀ ਸਰਬ ਨੌਜਵਾਨ ਸਭਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਪ੍ਰਧਾਨ ਸੁਖਵਿੰਦਰ ਸਿੰਘ ਨੇ ਸੈਂਟਰ 'ਚ ਪਹਿਲਾਂ ਤੋਂ ਚਲ ਰਹੇ ਟੇਲਰਿੰਗ, ਕਟਿੰਗ, ਬਿਊਟੀਸ਼ੀਅਨ ਤੇ ਕੰਪਿਊਟਰ ਕੋਰਸਾਂ ਤੋਂ ਇਲਾਵਾ ਸੋਸਵਾ ਵਲੋਂ ਬਜ਼ੁਰਗਾਂ ਤੇ ਬਿਮਾਰਾਂ ਲਈ ਹੋਮ ਕੇਅਰਟੇਕਰ ਕੋਰਸ ਸ਼ੁਰੂ ਕਰਵਾਉਣ ਦੀ ਮੰਗ ਕੀਤੀ। ਡਾ: ਗੀਨਾ ਸਿੰਘ ਨੇ ਕਿਹਾ ਕਿ ਸੋਸਵਾ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਫਗਵਾੜਾ ਦਾ ਸੈਂਟਰ ਪੂਰੇ ਪੰਜਾਬ ਲਈ ਆਦਰਸ਼ ਅਤੇ ਨਿਵੇਕਲਾ ਹੈ, ਜਿਥੇ ਲੋੜਵੰਦ ਲੜਕੀਆਂ ਨੂੰ ਕੰਪਿਊਟਰ, ਬਿਊਟੀਸ਼ਨ, ਟੇਲਰਿੰਗ ਅਤੇ ਕਟਿੰਗ ਕਿੱਤੇ ਦੀ ਹੱਥੀਂ ਸਿਖਲਾਈ ਕਰਵਾਈ ਜਾਂਦੀ ਹੈ ਅਤੇ ਉਹਨਾਂ ਨੂੰ ਸਵੈ-ਰੁਜ਼ਗਾਰਤ, ਰੁਜ਼ਗਾਰਤ ਕਰਨ ਲਈ ਪੂਰੇ ਯਤਨ ਕੀਤੇ ਜਾਂਦੇ ਹਨ ਅਤੇ ਸੋਸਵਾ ਦੇ ਮਿਸ਼ਨ ਨੂੰ ਜ਼ਮੀਨੀ ਪੱਧਰ ਉੱਤੇ ਲਾਗੂ ਕੀਤਾ ਜਾਂਦਾ ਹੈ। ਸੋਸਵਾ ਟੀਮ ਮੁਖੀ ਨੇ ਤਿੰਨੇ ਟਰੇਡਾਂ ਦੀਆਂ ਲੜਕੀਆਂ ਨਾਲ ਨਿੱਜੀ ਤੌਰ

'ਤੇ ਗੱਲਬਾਤ ਕੀਤੀ, ਪੁਰਾਣੀਆਂ ਵਿਦਿਆਰਥਣਾਂ ਨਾਲ ਉਹਨਾਂ ਦੇ ਕੰਮਕਾਜ ਬਾਰੇ ਜਾਣਕਾਰੀ ਲਈ ਅਤੇ ਤਸੱਲੀ ਪ੍ਰਗਟ ਕੀਤੀ ਕਿ ਲੜਕੀਆਂ ਘਰ ਬੈਠ ਕੇ ਵੀ ਆਪਣੇ ਕਿੱਤੇ ਤੋਂ ਆਮਦਨ ਪ੍ਰਾਪਤ ਕਰ ਰਹੀਆਂ ਹਨ। ਇਸ ਮੌਕੇ ਰਵਿੰਦਰ ਸਿੰਘ ਰਾਏ ਨੇ ਕਿਹਾ ਕਿ ਸਭਾ ਦੇ ਸਮਾਜ ਸੇਵੀ ਪ੍ਰੋਜੈਕਟਾਂ 'ਚ ਵੋਕੇਸ਼ਨਲ ਸਿੱਖਿਆ ਮਹੱਤਵਪੂਰਨ ਪ੍ਰੋਜੈਕਟ ਹੈ, ਇਸ ਦਾ ਲੜਕੀਆਂ ਨੂੰ ਵੱਧ ਤੋਂ ਵੱਧ ਫ਼ਾਇਦਾ ਲੈਣਾ ਚਾਹੀਦਾ ਹੈ। ਸੋਸਵਾ ਦੀ ਟੀਮ ਨਾਲ ਪੁੱਜੇ ਮਹਾਰਾਸ਼ਟਰ ਤੋਂ ਐਮ.ਬੀ.ਏ. ਦੇ ਦੋ ਵਿਦਿਆਰਥੀ ਨੀਤੀਸ਼ ਮੋਦੀ ਤੇ ਮਨਕੀਰਤ ਸਿੰਘ ਨੇ ਸਭਾ ਦੀਆਂ ਸਮਾਜ ਸੇਵੀ ਕਾਰਗੁਜ਼ਾਰੀਆਂ ਬਾਰੇ ਜਾਣਕਾਰੀ ਹਾਸਲ ਕੀਤੀ । ਸਭਾ ਵਲੋਂ ਸੋਸਵਾ ਮੈਂਬਰ ਡਾ: ਗੀਨਾ ਸਿੰਘ ਅਤੇ ਪ੍ਰੋਗਰਾਮ ਮੈਨੇਜਰ ਸਰੋਜ ਬਾਲਾ ਨੂੰ ਯਾਗਦਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮੈਡਮ ਪੂਜਾ ਸੈਣੀ, ਮੈਡਮ ਤਨੂੰ, ਜਗਜੀਤ ਸਿੰਘ ਸੇਠ, ਮੈਡਮ ਸੁਖਜੀਤ ਕੌਰ, ਮੈਡਮ ਦੀਪਿਕਾ, ਅਨੂਪ ਦੁੱਗਲ, ਰਮੇਸ਼ ਧੀਰ, ਰਾਕੇਸ਼ ਕੋਛੜ, ਨਰਿੰਦਰ ਸਿੰਘ ਸੈਣੀ, ਆਰ.ਪੀ. ਸ਼ਰਮਾ, ਡਾ: ਨਰੇਸ਼ ਬਿੱਟੂ, ਅਮਨਜੋਤ ਕੌਰ, ਨਿਧੀ ਸੈਨ, ਕਾਜਲ ਸੈਨ, ਮਨਪ੍ਰੀਤ ਕੌਰ, ਪ੍ਰਿੰਯਕਾ ਬੰਗੜ, ਪੂਜਾ, ਹਰਪ੍ਰੀਤ ਕੌਰ, ਹਰਮੀਤ ਕੌਰ, ਖੁਸ਼ਬੂ ਕੁਮਾਰੀ, ਪੂਜਾ ਸ਼ਰਮਾ, ਸੁਧਾ, ਪੂਨਮ, ਏਕਜੋਤ, ਸ਼ਿਵਾਨੀ, ਮਨਜੀਤ ਕੌਰ, ਪਰਮਜੀਤ ਕੌਰ, ਕਸ਼ਿਸ਼, ਗੁਰਵਿੰਦਰ ਕੌਰ, ਦਾਮਿਨੀ, ਮਨਦੀਪ ਕੌਰ, ਪ੍ਰੀਆ, ਨੀਤਿਕਾ, ਰਾਜਵਿੰਦਰ ਕੌਰ, ਵੀਨਾ, ਮਾਨਸੀ, ਨੀਲੂ, ਜੋਤੀ, ਮੀਨੂੰ, ਨਿਸ਼ਾ ਕੁਮਾਰੀ, ਨਵਜੋਤ ਕੌਰ, ਨੀਲਮ, ਪਰਮਜੀਤ ਕੌਰ, ਪ੍ਰਭਜੋਤ ਕੌਰ, ਪੂਜਾ ਮਹਿਮੀ, ਪਲਕ, ਰੀਮਾ, ਅੰਕਿਤਾ, ਅਮਨਦੀਪ ਕੌਰ, ਆਂਚਲ, ਅਮਨਪ੍ਰੀਤ ਕੌਰ, ਗੁਰਲੀਨ ਕੌਰ, ਗੁਰਪ੍ਰੀਤ ਕੌਰ, ਈਸ਼ਾ, ਖੁਸ਼ਪ੍ਰੀਤ ਕੌਰ, ਮਨਜੀਤ ਕੌਰ, ਕਮਲਜੀਤ ਕੌਰ, ਮੋਨਿਕਾ, ਨੂਤਨ ਕੁਮਾਰੀ, ਨਿਸ਼ਾ, ਰਵੀਨਾ, ਪਲਵੀਰ ਕੌਰ, ਰੇਖਾ ਨਾਰੰਗ, ਰਾਣੀ, ਸੁਮਨ, ਪੂਨਮ ਸ਼ਰਮਾ, ਜਾਸਮੀਨ ਕੌਰ, ਜਸਪ੍ਰੀਤ ਕੌਰ ਆਦਿ ਹਾਜ਼ਰ ਸਨ।

ਵਿਰੋਧੀ ਫੈਸਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ : ਪੈਨਸ਼ਨ ਧਾਰਕ

ਮਾਹਿਲਪੁਰ (ਸਫਰੀ)

ਪੰਜਾਬ ਜਲ ਸਰੋਤ ਨਿਗਮ ਰਿਟਾਇਰੀ ਮੁਲਾਜਮ ਯੂਨੀਅਨ ਦੀ ਅਹਿਮ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਬਲਦੇਵ ਸਿੰਘ ਅਤੇ ਤਾਰਾ ਸਿੰਘ ਦੀ ਅਗਵਾਈ ਵਿੱਚ ਹੋਈ। ਪਹਿਲਾਂ ਮੁਲਾਜਮ ਲਹਿਰ ਦੇ ਸਿਰਮੌਰ ਆਗੂ ਦੇ ਸਦੀਵੀ ਸਾਥੀ ਤਰਲੋਚਨ ਸਿੰਘ ਰਾਣਾ ਵਿਛੋੜੇ 'ਤੇ ਸ਼ਰਧਾਂਜਲੀ ਭੇਟ ਕਰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਮਹਾਨ ਸੰਘਰਸ਼ੀ

9-Feb-PAGE-9.qxd 2/8/2023 10:52 PM Page 1

6 ਪੇਟੀਆਂ ਸ਼ਰਾਬ ਸਹਿਤ ਸਕਾਰਪੀਓ ਚਾਲਕ ਗ੍ਰਿਫਤਾਰ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)

ਸਥਾਨਕ ਪੁਲਸ ਨੇ ਇਕ ਹਿਮਾਚਲ ਨੰਬਰੀ ਸਕਾਰਪਿਉ ਗੱਡੀ ਦੇ ਚਾਲਕ ਨੂੰ 6 ਪੇਟੀਆਂ ਨਾਜਾਇਜ਼ ਸ਼ਰਾਬ ਸਹਿਤ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਬ-ਇੰਸਪੈਕਟਰ ਇੰਦਰਜੀਤ ਸਿੰਘ ਸਮੇਤ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਤੇ ਵਾਹਨਾਂ ਦੀ ਚੈਕਿੰਗ ਸਬੰਧੀ ਗਸ਼ਤ ਦੌਰਾਨ ਜੇਤੇਵਾਲ ਚੌਕ ਨੂਰਪੁਰਬੇਦੀ ਵਿਖੇ ਮੌਜੂਦ ਸਨ। ਇਸ ਦੌਰਾਨ ਪੁਲਸ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਇਕ ਵਿਅਕਤੀ ਜੋ ਠੇਕੇ ਤੋਂ ਸਸਤੇ ਭਾਅ 'ਤੇ ਸ਼ਰਾਬ ਲਿਆ ਕੇ ਅੱਗੇ ਮਹਿੰਗੀ ਕੀਮਤ 'ਤੇ ਵੇਚਣ ਦਾ ਧੰਦਾ ਕਰਦਾ ਹੈ ਅੱਜ ਵੀ ਗੱਡੀ ਨੰਬਰ ਐੱਚ.ਪੀ.-12ਬੀ-5533 ਮਾਰਕਾ ਸਕੌਰਪਿਉ ਰੰਗ ਚਿੱਟਾ 'ਚ ਸ਼ਰਾਬ ਲੈ ਕੇ ਸ਼੍ਰੀ ਅਨੰਦਪੁਰ ਸਾਹਿਬ ਤੋਂ ਪਿੰਡਾਂ ਦੇ ਰਸਤੇ ਹੁੰਦਾ ਹੋਇਆ ਪਿੰਡ ਰੌਲੀ ਦੀ ਤਰਫ਼ ਆ ਰਿਹਾ ਹੈ। ਪੁਲਸ ਨੇ ਤੁਰੰਤ ਉਕਤ ਸੂਚਨਾ 'ਤੇ ਕਾਰਵਾਈ ਕਰਦਿਆਂ ਟੀ-ਪੁਅਇੰਟ ਪਿੰਡ ਰੌਲੀ ਵਿਖੇ ਨਾਕਾਬੰਦੀ ਕਰਕੇ ਚਿੱਟੇ ਰੰਗ ਦੀ ਸਕੌਰਪਿਉ ਗੱਡੀ ਨੂੰ ਰੋਕ ਕੇ ਉਸਦੀ ਚੈਕਿੰਗ ਕੀਤੀ। ਇਸ ਦੌਰਾਨ ਪੁਲਸ ਨੇ ਗੱਡੀ 'ਚੋਂ 6 ਪੇਟੀਆਂ (72 ਬੋਤਲਾਂ) ਸ਼ਰਾਬ ਮਾਰਕਾ ਮਾਲਵਾ ਨੰਬਰ 01 ਫਾਰ ਸੇਲ ਇਨ ਪੰਜਾਬ ਬਰਾਮਦ ਕਰਕੇ ਕਥਿਤ ਮੁਲਜ਼ਮ ਤੇ ਗੱਡੀ ਨੂੰ ਕਾਬੂ ਕਰ ਲਿਆ। ਐੱਸ.ਆਈ. ਇੰਦਰਜੀਤ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਜਿਸਦੀ ਪਛਾਣ ਅਮਰੀਕ ਸਿੰਘ ਪੁੱਤਰ ਜਸਵੰਤ ਸਿੰਘ ਨਿਵਾਸੀ ਪਿੰਡ ਬੁਰਜ, ਥਾਨਾ ਸ਼੍ਰੀ ਅਨੰਦਪੁਰ ਸਾਹਿਬ ਵਜੋਂ ਹੋਈ ਹੈ ਦੇ ਖਿਲਾਫ਼ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਮੱਲੂਪੋਤਾ ਸਕੂਲ ਨੇ ਜਿੱਤਿਆ ਐੱਨ ਐੱਸ ਕਿਊ ਐੱਫ ਹੁਨਰ ਦਾ ਜ਼ਿਲ੍ਹਾ ਪੱਧਰੀ ਮੁਕਾਬਲਾ

ਬਹਿਰਾਮ (ਅਵਤਾਰ ਕਲੇਰ)

ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਕੁਲਤਰਨਜੀਤ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਦੀ ਅਗਵਾਈ ਵਿੱਚ ਐੱਨਐੱਸਕਿਊਐੱਫ ਅਧੀਨ ਵਿਦਿਆਰਥੀਆਂ ਦੇ ਹੁਨਰ ਦਾ ਜ਼ਿਲ੍ਹਾ ਪੱਧਰੀ ਮੁਕਾਬਲਾ ਕਰਵਾਇਆ ਗਿਆ। ਮੁਕੰਦਪੁਰ ਵਿਖੇ ਹੋਏ ਇਸ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਮੱਲੂਪੋਤਾ ਦੀ ਆਈ ਟੀ ਟਰੇਡ ਦੀ ਵਿਦਿਆਰਥਣ ਮਾਨਸੀ ਨੇ ਪਹਿਲਾ ਸਥਾਨ ਹਾਸਲ ਕੀਤਾ। ਉਸ ਨੂੰ ਪ੍ਰਮਾਣ ਪੱਤਰ ਅਤੇ 2500 ਦੀ ਨਗਦੀ ਪ੍ਰਦਾਨ ਕੀਤੀ ਗਈ। ਇਸ ਮੌਕੇ ਉਸ ਦੀ ਟ੍ਰੇਨਰ ਸ਼੍ਰੀਮਤੀ ਸ਼ਰੁਤੀ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਉਸ ਨੇ ਇਸ ਮੁਕਾਬਲੇ ਵਿੱਚ ਆਈ ਟੀ ਹੈਕਸ ਦਾ ਮਾਡਲ ਨਾਲ ਭਾਗ ਲਿਆ ਜਿਸ ਦੀ ਵਿਲੱਖਣਤਾ ਕਰਕੇ ਉਸ ਨੇ ਉਕਤ ਪ੍ਰਾਪਤੀ ਕੀਤੀ। ਇਸ ਮੁਕਾਬਲੇ ਦੀ ਮੁਲਾਂਕਣ ਟੀਮ ਵਿੱਚ ਪ੍ਰਿੰਸੀਪਲ ਰਣਜੀਤ ਕੌਰ ਕਰੀਹਾ, ਵਿਪਨ ਕੁਮਾਰ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਵਿਪਨ ਕੁਮਾਰ, ਸਾਹਿਲ ਕੁਮਾਰ ਜ਼ਿਲ੍ਹਾ ਉਦਯੋਗ ਅਫ਼ਸਰ ਕੇਂਦਰ, ਸਖ਼ਵਿੰਦਰ ਲਾਲ,

ਕਮਲਦੀਪ ਸੱਲ੍ਹਣ ਕੰਪਿਊਟਰ ਫੈਕਲਟੀ ਸਕੂਲ ਸੂਰਾਪੁਰ ਸ਼ਾਮਲ ਸਨ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੱਲੂਪੋਤਾ ਵਿਖੇ ਜੇਤੂ ਵਿਦਿਆਰਥਣ ਦਾ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਨਰਿੰਦਰ ਪਾਲ ਸਿੰਘ ਨੇ ਕਿਹਾ ਕਿ ਇਸ ਪ੍ਰਾਪਤੀ ਨਾਲ ਸਕੂਲ ਦਾ ਮਾਣ ਹੋਰ ਵਧਿਆ ਹੈ ਅਤੇ ਇਸ ਨਾਲ ਵਿਦਿਆਰਥੀ ਵਰਗ ਨੂੰ ਨਵੀਂ ਪ੍ਰੇਰਨਾ ਵੀ ਮਿਲੇਗੀ।

ਵਿਧਾਇਕ ਨੇ ਸਕੂਲ ਆਫ ਐਮੀਨੈਂਸ 'ਚ ਦਾਖਲਾ ਮੁਹਿੰਮ ਨੂੰ ਦਿੱਤੀ ਹਰੀ ਝੰਡੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਪੰਜਾਬ ਸਰਕਾਰ ਵਲੋਂ ਸਿੱਖਿਆ ਦੀ ਪ੍ਰਗਤੀ ਦੇ ਤਹਿਤ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਅਗਾਂਹਵਧੂ ਉਪਰਾਲਿਆ ਦੇ ਤਹਿਤ ਵਿਧਾਨ ਸਭਾ ਹਲਕਾ ਨਕੋਦਰ ਐਮ ਐਲ ਏ ਸ੍ਰੀਮਤੀ ਇੰਦਰਜੀਤ ਕੌਰ ਮਾਨ ਵਲੋਂ ਸਕੂਲ ਆਫ ਐਮੀਨੈਂਸ ਸ.ਸੀ. ਸੈ. ਸਕੂਲ ਨਕੋਦਰ (ਲੜਕੇ) ਦੀ ਦਾਖਲਾ ਮੁਹਿੰਮ ਨੂੰ ਹਰੀ ਝੰਡੀ ਦਿੱਤੀ ਗਈ। ਇਸ ਦੌਰਾਨ ਉਨਾਂ ਨੇ ਪੰਜਾਬ ਨੂੰ ਅਗਾਂਹਵਧੂ ਹੱਸਦਾ ਵੱਸਦਾ ,ਨੱਚਦਾ ਟੱਪਦਾ,ਖੇਡਦਾ ਕੁੱਦਦਾ ਰੰਗਲਾ ਪੰਜਾਬ ਬਣਾਉਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਵਲੋਂ ਹਰ ਉਪਰਾਲੇ ਕਰਨ ਦੇ ਸਕੰਲਪ ਵੀ ਦੁਹਰਾਏ। ਇਸ ਦੌਰਾਨ ਸਮਾਗਮ 'ਚ ਗੁਰਸ਼ਰਨ ਸਿੰਘ ਜ਼ਿਲ੍ਹਾ ਸਿਖਿਆ ਅਫਸਰ (ਸੈ)ਜਲੰਧਰ , ਰਾਜੀਵ ਜੋਸ਼ੀ ਉਪ ਜ਼ਿਲ੍ਹਾ ਅਫਸਰ ਜਲੰਧਰ ਨੇ ਵੀ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਜਮੀਨੀ ਪੱਧਰ 'ਤੇ ਲਾਗੂ ਕਰਨ ਦਾ ਭਰੋਸਾ ਦਿੱਤਾ। ਇਸ ਦੌਰਾਨ ਧਰਮਿੰਦਰ ਰੈਣਾ ਪ੍ਰਿੰਸੀਪਲ ਸ.ਸੀ.ਸੈ.ਸਕੂਲ ਲੜਕੇ ਨਕੋਦਰ ਨੇ ਸ੍ਰੀਮਤੀ ਇੰਦਰਜੀਤ ਕੌਰ ਮਾਨ ਦਾ ਧੰਨਵਾਦ ਕੀਤਾ। ਲੈਕਚਰਾਰ ਮੈਡਮ ਸੁਖਵਿੰਦਰ ਕੌਰ ਨੇ ਸਟੇਜ ਦੀ ਭੂਮਿਕਾ ਬਾਖੂਬੀ ਨਿਭਾਈ। ਇਸ ਮੌਕੇ 'ਤੇ ਹਰਜੀਤ ਸਿੰਘ ,ਪ੍ਰਿੰਸੀਪਲ ਸ.ਕੇ.ਸੀ .ਸੈ.ਸਕੂਲ ਮਹਿਤਪੁਰ , ਹਰਨੀਤ ਮੋਹਨ ਹੈਡਮਾਸਟਰ ਸ.ਹ.ਸਕੂਲ ਪੰਡੋਰੀ ਖਾਸ, ਵਨੀਥ ਮਿਸਰ ਸੈਂਟਰ ਹੈਡ ਟੀਚਰ ਹਰੀਪੁਰ ,ਬਲਾਕ ਨਕੋਦਰ-1 ਦੇ ਸਾਰੇ ਹੀ ਸੈਂਟਰ ਹੈੱਡ ਟੀਚਰ ਅਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

ਦੁਸਾਂਝ ਕਲਾਂ ਵਿਖੇ ਦੁਕਾਨਦਾਰ ਨੂੰ ਕੀਤਾ ਗੰਭੀਰ ਜ਼ਖ਼ਮੀ

ਅੱਪਰਾ (ਨਿਰਮਲ ਗੁੜਾ)

ਬੀਤੀ ਸ਼ਾਮ ਕਰੀਬ 7 ਵਜੇ ਹਲਕਾ ਫਿਲੌਰ ਦੇ ਪਿੰਡ ਦੁਸਾਂਝ ਕਲਾਂ ਵਿਖੇ ਹਮਲਾਵਾਰਾਂ ਨੇ ਇਕ ਦੁਕਾਨਦਾਰ 'ਤੇ ਹਮਲਾ ਕਰਕੇ ਗੰਭੀਰ ਰੂਪ ਵਿੱਚ ਜਖਮੀ ਕਰ ਦਿੱਤਾ। ਜਖਮੀ ਨੂੰ ਜਲੰਧਰ ਦੇ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ। ਗੁੱਸੇ ਵਿੱਚ ਆਏ ਦੁਕਾਨਦਾਰ ਭਾਈਚਾਰੇ ਵਲੋਂ ਦੁਕਾਨਾਂ ਬੰਦ ਕਰਕੇ ਦੁਸਾਂਝ ਕਲਾਂ ਬੱਸ ਅੱਡੇ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜੇ ਕਰ ਦੋ ਦਿਨਾਂ ਵਿੱਚ ਦੋਸ਼ੀਆਂ ਨੂੰ ਨਾ ਫੜਿਆ ਤਾਂ ਉਹ ਤਿੱਖਾ ਸੰਘਰਸ਼ ਕਰਨਗੇ। ਜਖਮੀ ਗੌਰਵ ਉਰਫ ਗੋਰਾ ਦੇ ਪਿਤਾ ਮਲਕੀਤ ਰਾਮ ਵਾਸੀ ਪਿੰਡ ਲਾਦੀਆਂ ਨੇ ਫੋਨ 'ਤੇ ਦੱਸਿਆ ਕਿ ਉਹਨਾਂ ਦੀ ਲਮੋਂ ਸਮੋਂ ਤੋਂ ਬੱਸ ਅੱਡਾ ਦੁਸਾਂਝ ਕਲਾਂ ਵਿਖੇ ਸਕੂਟਰ ਮੋਟਰਸਾਇਕਲ ਮੁਰੰਮਤ ਦੀ ਦੁਕਾਨ ਹੈ। ਬੀਤੀ ਸ਼ਾਮ ਉਹ ਆਪਣੀ ਦੁਕਾਨ 'ਤੇ ਕੰਮ ਕਰ ਰਹੇ ਸਨ, ਜਿਥੇ ਹਮਲਾਵਾਰਾਂ ਨੇ ਆ ਕਿ ਹਮਲਾ ਕਰ ਦਿੱਤਾ ਉਹਨਾਂ ਦੇ ਪੁੱਤਰ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ।

ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਵਾਈਸ ਚੇਅਰਮੈਨ ਤੇ ਸਮੂਹ ਮੈਂਬਰਾਂ ਨਾਲ ਮੀਟਿੰਗ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਵਾਈਸ ਚੇਅਰਮੈਨ ਅਤੇ ਸਮੂਹ ਮੈਂਬਰਜ਼ ਨਾਲ ਵਣ ਭਵਨ ਸੈਕਟਰ 68 ਐਸ.ਏ.ਐਸ ਨਗਰ ਵਿਖੇ ਵਿਸ਼ੇਸ਼ ਮੀਟਿੰਗ ਹੋਈ । ਮੀਟਿੰਗ ਦੌਰਾਨ ਕਮਿਸਨ ਕੋਲ 9 ਜਨਵਰੀ ਤੋਂ 6 ਫਰਵਰੀ ਤੱਕ ਪ੍ਰਾਪਤ ਸ਼ਿਕਾਇਤਾਂ 'ਤੇ ਕਾਰਵਾਈ ਸਬੰਧੀ ਬਾਰੀਕੀ ਨਾਲ ਵਿਚਾਰਦੇ ਹੋਏ ਨਿਪਟਾਰਾ ਕੀਤਾ ਗਿਆ। ਚੇਅਰਮੈਨ ਕੰਵਰਦੀਪ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਪ੍ਰਾਪਤ ਸ਼ਿਕਾਇਤਾਂ ਅਤੇ ਸੂ-ਮੋਟੋ ਨੋਟਿਸ ਤੇ ਕਮਿਸ਼ਨ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਉਨਾਂ ਕਿਹਾ ਟਰਾਂਸਪੋਟਰਾਂ ਨੂੰ ਸੂਬਾ ਸਰਕਾਰ ਵੱਲੋਂ ਜਾਰੀ ਕੀਤੀ ਸੇਫ ਸਕੂਲ ਵਾਹਨ ਸਕੀਮ ਦੀ ਪਾਲਣਾ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਉਨਾਂ ਦੱਸਿਆ ਕਿ ਸੋਸ਼ਲ ਸਾਈਟਾਂ 'ਤੇ ਨਸ਼ੀਲੇ ਪਦਾਰਥਾਂ ਅਤੇ ਗਨ-ਕਲਚਰ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਅਤੇ ਵੀਡੀਓਜ਼ ਦਾ ਪ੍ਰਚਾਰ ਕਰਨ 'ਤੇ ਸਖਤ ਕਾਰਵਾਈ ਕਰਨ ਸਬੰਧੀ ਵੀ ਫੈਸਲਾ ਲਿਆ ਗਿਆ ਹੈ। ਕਮਿਸ਼ਨ ਦੇ ਚੇਅਰਮੈਨ ਵੱਲੋਂ ਸੂਚਿਤ ਕੀਤਾ ਗਿਆ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਖਬਰ ਕਿ ਗੁਰਦਾਸਪੁਰ ਵਿਖੇ ਇਕ ਸਕੂਲ ਦੀ ਬੱਸ ਹੇਠ ਕੁੱਤਾ ਆਉਣ ਤੇ ਕੁੱਤਾ ਮਾਲਕਾਂ ਵੱਲੋਂ ਬੱਸ ਨੂੰ ਘੇਰ ਕੇ ਹੰਗਾਮਾ ਕੀਤਾ ਗਿਆ ਜਿਸ ਨਾਲ ਸਕੂਲੀ ਬੱਚੇ ਡਰ ਨਾਲ ਰੋਣ ਲਗ ਪਏ ਇਸ ਮਾਮਲੇ ਬਾਰੇ ਕੁੱਤਾ ਮਾਲਕਾਂ ਵਿਰੁੱਧ ਸੀਨੀਅਰ ਕਪਤਾਨ ਪੁਲਸ ਨੂੰ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ ਹੈ।

ਬਾਬਾ ਹੰਸਾ ਸਿੰਘ ਤੇ ਮਾਤਾ ਧੰਨ ਕੌਰ ਦੀ ਸਾਲਾਨਾ ਬਰਸੀ ਬੱਛੋਵਾਲ ਵਿਖੇ ਮਨਾਈ

ਫਿਲੌਰ, (ਨਿਰਮਲ)

ਬਾਬਾ ਹੰਸਾ ਸਿੰਘ ਸਪੋਰਟਸ ਐਂਡ ਕਲਚਰਲ ਚੈਰੀਟੇਬਲ ਟਰੱਸਟ ਬੱਛੋਵਾਲ ਵਿਖੇ ਬਾਬਾ ਹੰਸਾ ਸਿੰਘ, ਮਾਤਾ ਧੰਨ ਕੌਰ ਦੀ ਸਾਲਾਨਾ ਬਰਸੀ ਸਮੂਹ ਢੇਸੀ ਪਰਵਾਰ ਵੱਲੋਂ ਮਨਾਈ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ

ਭੋਗ ਉਪਰੰਤ ਕੀਰਤਨ ਜਥੇ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਹਰਭਜਨ ਸਿੰਘ ਵਾਈਸ ਪ੍ਰਧਾਨ ਬੀ ਕੇ ਯੂ ਦੋਆਬਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਹੰਸਾ ਸਿੰਘ, ਮਾਤਾ ਧੰਨ ਕੌਰ ਮਿੱਠੜੇ ਸੁਭਾਅ ਤੇ ਮਿਲਣਸਾਰ ਸਨ। ਉਨ੍ਹਾਂ ਦੀ ਪ੍ਰੇਰਣਾ ਸਦਕਾ ਸੰਤੋਖ ਸਿੰਘ ਢੇਸੀ ਤੇ ਢੇਸੀ ਪਰਵਾਰ ਇਲਾਕੇ 'ਚ ਸਮਾਜ ਸੇਵੀ ਉਪਰਾਲੇ ਕਰ ਰਿਹਾ ਹੈ। ਉਨ੍ਹਾਂ ਦਾ ਕਰੋਨਾ ਸਮੇਂ ਦੌਰਾਨ ਕਿਸਾਨੀ ਅੰਦੋਲਨ 'ਚ ਵਿਸ਼ੇਸ਼ ਯੋਗਦਾਨ ਪਾਇਆ ਗਿਆ ਸੀ। ਇਸ ਮੌਕੇ ਅਜਾਦ ਰੰਗ ਮੰਚ ਫਗਵਾੜਾ ਵਲੋਂ ਨਾਟਕ ਖੇਡੇ ਗਏ ਤੇ ਨਸ਼ੇ ਵਿਰੋਧੀ ਸਕਿੱਟਾਂ ਪੇਸ਼ ਕੀਤੀਆਂ। ਇਸ ਮੌਕੇ ਸੁਰਿੰਦਰ ਕੁਮਾਰ ਐਸ ਐਚ ਓ ਫਿਲੌਰ, ਹਰਜੀਤ ਸਿੰਘ ਢੇਸੀ ਪ੍ਰਧਾਨ ਬੀ ਕੇ ਯੂ ਦੋਆਬਾ ਜ਼ਿਲ੍ਹਾ ਜਲੰਧਰ , ਸੁਰਿੰਦਰਪਾਲ ਸੀਨੀਅਰ ਮੀਤ ਪ੍ਰਧਾਨ, ਹਰਪਿੰਦਰਪਾਲ ਸਿੰਘ, ਕੁਲਦੀਪ ਸਿੰਘ, ਤਰਲੋਚਨ ਸਿੰਘ ਤੇਹਿੰਗ, ਸੁਖਵਿੰਦਰ ਕੌਰ ਮਹਾਲੋਂ ਪ੍ਰਧਾਨ ਸੁਸਾਇਟੀ ਬੈਂਕ ਤੇਹਿੰਗ, ਰਵਿੰਦਰ ਸਿੰਘ ਸਮਰਾੜੀ ਬਲਾਕ ਪ੍ਰਧਾਨ ਅੱਪਰਾ, ਇਕਬਾਲ ਸਿੰਘ , ਜੋਗਾ ਸਿੰਘ ਸ਼ੇਖੂਪੁਰ, ਸੁਖਵਿੰਦਰ ਸਿੰਘ ਨੰਬਰਦਾਰ ਪਾਲਾ, ਦਰਸ਼ਨ ਲਾਲ ਸੈਫਬਾਦ, ਬਲਵਿੰਦਰ ਸਿੰਘ ਖਹਿਰਾ, ਗੁਰਨਾਮ ਸਿੰਘ ਚੰਡੂਨੀ, ਪ੍ਰਭਜੋਤ ਸਿੰਘ ਢੇਸੀ, ਦਵਿੰਦਰ ਸਿੰਘ ਢੇਸੀ, ਤੇਜਿੰਦਰ ਸਿੰਘ ਢੇਸੀ , ਬਲਵਿੰਦਰ ਸਿੰਘ ਫੌਜੀ, ਡਾਕਟਰ ਯਾਦਵਿੰਦਰ ਸਿੰਘ , ਮੱਖਣ ਸਿੰਘ ਟੋਡਰਪੁਰ, ਦਲਜੀਤ ਸਿੰਘ ਬਿੰਦ ਤੇ ਇਲਾਕੇ ਭਰ ਦੀਆਂ ਸ਼ਖਸੀਅਤਾਂ ਹਾਜਰ ਸਨ।

ਕੈਪਟਨ ਹਰਬੰਸ ਸਿੰਘ ਜੰਜੂਆ ਨਮਿਤ ਸ਼ਰਧਾਂਜਲੀ ਸਮਾਗਮ ਅੱਜ

ਕੈਪਟਨ ਹਰਬੰਸ ਸਿੰਘ ਜੰਜੂਆ ਦੀ ਫਾਈਲ ਫੋਟੋ।

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਦਿਹਾਣਾ ਦੇ ਉਘੇ ਸਮਾਜ ਸੇਵਕ ਕੈਪਟਨ ਹਰਬੰਸ ਸਿੰਘ ਜੰਜੂਆ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ। ਉਨਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 9 ਫਰਵਰੀ ਨੂੰ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਭਾਈ ਪਰਮਜੀਤ ਸਿੰਘ ਮੋਘੋਵਾਲ ਵਾਲੇ ਵੈਰਾਗਮਈ ਕੀਰਤਨ ਕਰਨਗੇ। ਇਲਾਕੇ ਭਰ ਤੋਂ ਵੱਖ ਵੱਖ ਪ੍ਰਮੁੱਖ ਸ਼ਖਸੀਅਤਾਂ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

ਹਰੀ ਕ੍ਰਿਸ਼ਨ ਨਮਿਤ ਅੰਤਮ ਅਰਦਾਸ 12 ਨੂੰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) -ਪੰਚਾਇਤ ਮੈਂਬਰ ਅਮਨਦੀਪ ਕੌਰ ਪਤਨੀ

ਸਮਾਜ ਸੇਵਕ ਰਣਜੀਤ ਸਿੰਘ ਦੇ ਪਿਤਾ ਹਰੀ ਕ੍ਰਿਸ਼ਨ ਪਿੰਡ ਸੁੰਨੜ ਕਲਾਂ ਦੀ ਅਚਾਨਕ ਅਟੈਕ ਹੋਣ ਨਾਲ ਮੌਤ ਹੋ ਗਈ। ਉਹ ਆਪਣੇ ਪਿੱਛੇ ਦੋ ਲੜਕੇ ਲਖਵੀਰ ਸਿੰਘ ਤੇ ਰਣਜੀਤ ਸਿੰਘ ਅਤੇ ਦੋ ਨੂੰਹਾਂ,ਪੰਚ ਅਮਨਦੀਪ ਕੌਰ ਤੇ ਛੀਪਾਂ ਤੇ ਪੋਤਰੇ ਛੱਡ ਗਏ ਹਨ। ਰਣਜੀਤ ਸਿੰਘ ਦੇ ਪਰਵਾਰ ਨਾਲ ਨੂਰਮਹਿਲ ਦੇ ਪੱਤਰਕਾਰ ਪਾਈਚਾਰੇ ਤੇ ਹੋਰ ਸਮਾਜ ਸੇਵਕ ਜਥੇਬੰਦੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸਵ: ਹਰੀ ਕ੍ਰਿਸ਼ਨ ਦੀ ਅੰਤਿਮ ਅਰਦਾਸ ਉਨ੍ਹਾਂ ਦੇ ਜੱਦੀ ਪਿੰਡ ਸੁੰਨੜ ਕਲਾਂ ਦੇ ਗੁਰਦੁਆਰੇ ਵਿਖੇ 12 ਫਰਵਰੀ 2023 ਨੂੰ ਬਾਅਦ ਦੁਪਹਿਰ 12 ਤੋਂ 1:30 ਵਜੋਂ ਤੱਕ ਸੁਖਮਣੀ ਸਾਹਿਬ ਦੇ ਭੋਗ ਉਪਰੰਤ ਕੀਤੀ ਜਾਵੇਗੀ।

ਸੁਖਵਿੰਦਰ ਸਿੰਘ ਦੇ ਐਸ ਆਈ ਬਣਨ 'ਤੇ ਕੈਬਨਿਟ ਮੰਤਰੀ ਜਿੰਪਾ ਨੇ ਲਗਾਏ ਸਟਾਰ

ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)

ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਸੁਰੱਖਿਆ ਅਮਲੇ ਵਿਚ ਤਾਇਨਾਤ ਸੁਖਵਿੰਦਰ ਸਿੰਘ ਨੂੰ ਏ.ਐਸ.ਆਈ ਤੋਂ ਐਸ.ਆਈ ਪਦਉਨਤ ਹੋਣ 'ਤੇ ਸਟਾਰ ਲਗਾਏ। ਕੈਬਨਿਟ ਮੰਤਰੀ ਨੇ ਉਸ ਵਲੋਂ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਸ ਨੂੰ ਵਧਾਈ ਦਿੰਦਿਆਂ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਹ ਇਸੇ

9-FEB-PAGE-10.qxd 2/8/2023 10:34 PM Page 1

ਜ਼ਿਲ੍ਹਾ ਪੱਧਰੀ ਰੈਲੀਆਂ 'ਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਭਰਵੀਂ ਸ਼ਮੂਲੀਅਤ ਦਾ ਐਲਾਨ

ਲੁਧਿਆਣਾ, (ਪੱਤਰ ਪ੍ਰੇਰਕ) ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫਤਰ 1680/22-ਬੀ ਚੰਡੀਗੜ੍ਹ ਦੀ ਸੂਬਾਈ ਕਾਰਜਕਾਰਨੀ ਦੀ ਮੀਟਿੰਗ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ।

ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਤੁਰਕੀ ਵਿੱਚ ਆਏ ਭੂਚਾਲ ਕਾਰਨ ਹੋਏ ਜਾਨੀ ਨੁਕਸਾਨ ਤੇ ਮੁਲਾਜ਼ਮ ਆਗੂ ਤਰਲੋਚਨ ਸਿੰਘ ਦੇ ਵਿਛੋੜੇ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੁਰਿੰਦਰ ਕੁਮਾਰ ਪੁਆਰੀ ਜਨਰਲ ਸਕੱਤਰ ਮੁੱਖ ਜਥੇਬੰਦਕ ਜਗਦੀਸ਼ ਸਿੰਘ ਚਾਹਲ, ਪਾਵਰਕੌਮ ਪੈਨਸ਼ਨਰ ਦੇ ਸੂਬਾ ਪ੍ਰਧਾਨ ਰਾਧੇ ਸ਼ਾਮ ਤੋਂ ਇਲਾਵਾ ਸੀਨੀ: ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲੜੇ, ਅਵਤਾਰ ਸਿੰਘ ਗੱਗੜਾ ਜ: ਸਕੱਤਰ (ਪੰਜਾਬ ਪੈਨਸ਼ਨਰ ਯੂਨੀਅਨ) ਆਗੂਆਂ ਨੇ 29 ਜਨਵਰੀ ਨੂੰ ਪ.ਸ.ਸ.ਫ ਨਾਲ ਸਬੰਧਿਤ ਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਭਗਵੰਤ ਸਿੰਘ ਮਾਨ ਸਰਕਾਰ ਦੇ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਬੇਰੁਖੀ ਵਿਰੁੱਧ ਕੀਤੀ ਗਈ ਕਾਮਯਾਬ ਤੇ ਵਿਸ਼ਾਲ ਰੈਲੀ ਵਿੱਚ ਸ਼ਮੂਲੀਅਤ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।

ਆਗੂਆਂ ਨੇ ਦੱਸਿਆ ਕਿ ਸਿਵਲ ਤੇ ਪੁਲਿਸ ਪ੍ਰਸਾਸ਼ਨ ਵੱਲੋਂ ਮੁੱਖ ਮੰਤਰੀ ਪੰਜਾਬ ਨਾਲ 22 ਫਰਵਰੀ ਨੂੰ ਸਵੇਰੇ 11 ਵਜੇ ਚੰਡੀਗੜ੍ਹ ਸਥਿਤ ਸੀ.ਐਮ.ਰਿਹਾਇਸ਼ ਤੇ 25 ਮੈਂਬਰੀ ਵਫ਼ਦ ਨੂੰ ਮੀਟਿੰਗ ਕਰਨ ਦਾ ਪੱਤਰ ਸੌਂਪਣ ਤੇ ਬਾਅਦ ਬਜ਼ਾਰ ਵਿੱਚ ਕੀਤੇ ਜਾਣ ਵਾਲੇ ਰੋਸ ਮੁਜ਼ਾਹਰੇ ਦਾ ਪ੍ਰੋਗਰਾਮ ਮੁਲਤਵੀ ਕੀਤਾ ਗਿਆ ਸੀ।

ਮੀਟਿੰਗ ਵੱਲੋਂ ਆਸ ਪ੍ਰਗਟਾਈ ਕਿ ਫੈਡਰੇਸ਼ਨ ਨਾਲ 22 ਫਰਵਰੀ ਨੂੰ ਹੋ ਰਹੀ ਪੈਨਲ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਲੱਖਾਂ ਮੁਲਾਜ਼ਮਾਂ, ਪੈਨਸ਼ਨਰਾਂ, ਠੇਕਾ ਤੇ ਆਊਟਸੋਰਸ ਕਰਮੀਆਂ, ਸਕੀਮ ਵਰਕਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਅਵਸਥਾ ਵਿੱਚ ਪਈਆਂ ਮੰਗਾਂ ਦਾ ਕੀਤੇ ਵਾਅਦਿਆਂ ਮੁਤਾਬਕ ਨਿਪਟਾਰਾ ਕੀਤਾ ਜਾਵੇਗਾ ।

ਮੀਟਿੰਗ ਦੌਰਾਨ ਸਾਂਝੇ ਪੈਨਸ਼ਨਰ ਫਰੰਟ ਵੱਲੋਂ 15 ਫਰਵਰੀ ਨੂੰ ਐਲਾਨ ਕੀਤੇ ਜ਼ਿਲ੍ਹਾ ਪੱਧਰੀ ਐਕਸ਼ਨ ਤੇ ਰੈਲੀਆਂ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਚਿੰਤਾ ਜ਼ਾਹਰ ਕੀਤੀ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਤੇ ਦੇਸ਼ ਵਿਰੋਧੀ ਕਾਰਵਾਈਆਂ ਕਾਰਨ ਮਿਹਨਤਕਸ ਵਰਗ ਕੰਗਾਲੀ ਵੱਲ ਵਧ ਰਿਹਾ ਹੈ, ਮਹਿੰਗਾਈ ਅੰਬਰ ਛੂਹ ਰਹੀ ਹੈ, ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ।

ਬੀਤੇ ਸਮੇਂ 'ਚ ਪੰਜਾਬ ਸਰਕਾਰ ਸਮੇਤ ਕੁੱਝ ਹੋਰ ਰਾਜ ਸਰਕਾਰਾਂ ਵੱਲੋਂ 01 ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਫ਼ੈਸਲੇ ਕਰ ਰਹੀਆਂ ਹਨ ਤੇ ਕੇਂਦਰ ਸਰਕਾਰ ਵੱਲੋਂ ਕੰਟਰੀਬਿਊਟਰੀ ਫੰਡ ਵਿੱਚ ਮੁਲਾਜ਼ਮਾਂ ਦਾ ਜਮ੍ਹਾਂ ਫੰਡ ਦੇਣ ਤੋਂ ਕੋਰਾ ਜਵਾਬ ਦੇਣ ਦੀ ਸਖਤ ਨਿਖੇਧੀ ਕੀਤੀ।

ਆਗੂਆਂ ਕਿਹਾ ਕਿ ਪ ਸ ਸ ਫ 1680 ਸੈਕਟਰ 22-ਬੀ, ਚੰਡੀਗੜ੍ਹ ਪੰਜਾਬ ਯੂ.ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦਾ ਵੀ ਹਿੱਸਾ ਹੈ, ਇਸ ਲਈ ਸਾਂਝੇ ਫਰੰਟ ਵੱਲੋਂ 19 ਫਰਵਰੀ ਨੂੰ ਐਲਾਨ ਕੀਤੀ ਚੰਡੀਗੜ੍ਹ ਰੋਸ ਰੈਲੀ ਵਿੱਚ ਵੀ ਸ਼ਮੂਲੀਅਤ ਕੀਤੀ ਜਾਵੇਗੀ।

ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਗਦੀਸ਼ ਸਿੰਘ ਚਾਹਲ ਨੇ ਭਗਵੰਤ ਮਾਨ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਦੇ 7 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ, ਸਮੇਤ ਠੇਕਾ ਕਰਮੀਆਂ ਤੇ ਸਕੀਮ ਵਰਕਰਾਂ ਦੀਆਂ ਮੰਗਾਂ ਦਾ ਜਲਦੀ ਗੱਲਬਾਤ ਰਾਹੀਂ ਨਿਪਟਾਰਾ ਨਾ ਕੀਤਾ ਅਤੇ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਤਾਂ ਮੁਲਾਜ਼ਮ ਤੇ ਪੈਨਸ਼ਨਰਜ਼ ਵੱਲੋਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਮੀਟਿੰਗ ਵਿੱਚ ਮਤਾ ਪਾਸ ਕੀਤਾ ਕਿ ਸਿਹਤ, ਸਿੱਖਿਆ, ਟ੍ਰਾਂਸਪੋਰਟ ਤੇ ਬਿਜਲੀ ਵਿਭਾਗ ਦਾ ਤੁਰੰਤ ਕੌਮੀਕਰਨ ਕੀਤਾ ਜਾਵੇ, ਸਕੀਮ ਵਰਕਰਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਰੈਗੂਲਰ ਕੀਤਾ ਜਾਵੇ।

ਪਾਕਿਸਤਾਨ 'ਚ ਵਸੇ ਮੁਸਲਮਾਨਾਂ ਨੂੰ ਉਥੋਂ ਦੀ ਧਰਤੀ ਹੀ ਪ੍ਰਵਾਨ ਨਹੀਂ ਕਰਦੀ : ਮਾਨ

ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਜੇਕਰ ਕਿਸੇ ਨੂੰ ਆਪਣੀ ਧਰਤੀ, ਜ਼ਮੀਨ ਜਾਂ ਉਥੋਂ ਦੇ ਨਿਵਾਸੀ ਹੀ ਮੌਤ ਬਾਅਦ ਪ੍ਰਵਾਨ ਨਾ ਕਰਨ ਤਾਂ ਉਸਦੀ ਰੱਬ ਦੀ ਦਰਗਾਹ ਵਿੱਚ ਜਾਣ ਵਾਲੀ ਆਤਮਾ ਦੀ ਸਥਿਤੀ ਕਿੰਨੀ ਗੁੰਝਲਦਾਰ ਹੋਵੇਗੀ, ਉਸਨੂੰ ਚੰਗੀ ਤਰ੍ਹਾਂ ਮਹਿਸੂਸ ਕੀਤਾ ਜਾ ਸਕਦਾ ਹੈ । ਜਰਨਲ ਪ੍ਰਵੇਜ਼ ਮੁਸ਼ੱਰਫ਼ ਜਨਮੇ ਤਾਂ ਦਿੱਲੀ ਇੰਡੀਆ ਵਿਚ ਸਨ, ਪਰ ਮੁਲਕ ਦੀ ਵੰਡ ਤੋਂ ਬਾਅਦ ਉਹ ਪਾਕਿਸਤਾਨ ਦੀ ਇਸਲਾਮਿਕ ਮੁਲਕ ਦੀ ਧਰਤੀ ਦੇ ਬਸ਼ਿੰਦੇ ਬਣ ਗਏ। ਜਦੋਂ ਇੰਡੀਆ ਤੋਂ ਤਬਦੀਲ ਹੋ ਕੇ ਮੁਸਲਮਾਨ ਪਾਕਿਸਤਾਨ ਗਏ ਸਨ, ਤਾਂ ਉਹ ਇਸਲਾਮਿਕ ਲੋਕ ਕਹਾਉਂਦੇ ਸਨ, ਭਾਵੇਂ ਉਹ ਬੰਗਾਲੀ ਹੋਣ, ਪਠਾਨ ਹੋਣ, ਬੁਲੋਚ ਹੋਣ, ਸਿੰਧੀ ਹੋਣ ਉਨ੍ਹਾਂ ਨੂੰ ਉੱਤਰੀ ਪੰਜਾਬੀਆਂ ਦੇ ਵਿਰੁੱਧ ਮੁਹਾਜਰਿਸ ਆਖਿਆ ਜਾਂਦਾ ਸੀ। ਇਹ ਬਹੁਤ ਹੀ ਤਰਾਸਦੀ ਵਾਲਾ ਅਮਲ ਹੈ ਕਿ ਜਰਨਲ ਮੁਸ਼ੱਰਫ਼ ਨੂੰ ਮੌਤ ਤੋਂ ਬਾਅਦ ਵੀ ਆਪਣੇ ਮੁਲਕ ਦੀ ਮਿੱਟੀ ਨਸੀਬ ਨਾ ਹੋਈ।'

ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜਰਨਲ ਮੁਸ਼ੱਰਫ ਦੇ ਹੋਏ ਅਕਾਲ ਚਲਾਣੇ ਉਤੇ ਡੂੰਘਾ ਦੁੱਖ ਜ਼ਾਹਰ ਕਰਦੇ ਹੋਏ ਅਤੇ ਉਨ੍ਹਾਂ ਨੂੰ ਆਪਣੇ ਵਤਨ ਦੀ ਮਿੱਟੀ ਨਸੀਬ ਨਾ ਹੋਣ ਦੀ ਤ੍ਰਾਸਦੀ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ੀ ਧਰਤੀ 'ਤੇ ਪੂਰੇ ਹੋਏ ਬਲਕਿ ਆਪਣੀ ਧਰਤੀ 'ਤੇ ਨਹੀਂ, ਇਹ ਇਕ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦੇ ਬੋਲਾਂ ਦੀ ਤਰ੍ਹਾਂ ਵੱਡਾ ਦੁੱਖ ਤੇ ਤ੍ਰਾਸਦੀ ਹੈ, ਜਿਵੇਂ ਉਸ ਨੇ ਕਿਹਾ ਸੀ ਕਿ 'ਕਿਤਨਾ ਹੈ ਬਦਨਸੀਬ ਜਫਰ ਦਫਨ ਕੇ ਲੀਏ, ਦੋ ਗਜ ਜ਼ਮੀਨ ਭੀ ਨਾ ਮਿਲੀ ਕੂਯੇਂ ਯਾਰ ਮੇਂ'। ਮਾਨ ਨੇ ਜਰਨਲ ਮੁਸ਼ੱਰਫ਼ ਦੇ ਅਕਾਲ ਚਲਾਣੇ 'ਤੇ ਹਮਦਰਦੀ ਪ੍ਰਗਟ ਕਰਦੇ ਹੋਏ ਅਤੇ ਉਨ੍ਹਾਂ ਦੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਉਸ ਅਕਾਲ ਪੁਰਖ ਦੇ ਭਾਣੇ ਵਿਚ ਚੱਲਣ ਦੀ ਸਕਤੀ ਦੀ ਬਖਸ਼ਿਸ਼ ਕਰਨ ਦੀ ਅਰਜ਼ੋਈ ਵੀ ਕੀਤੀ।

ਪ੍ਰੋਫੈਸਰ ਗਣੇਸ਼ੀ ਲਾਲ ਵੱਲੋਂ ਸਕਾਊਟ ਚੌਕ ਦਾ ਉਦਘਾਟਨ

ਸਿਰਸਾ (ਸੁਰਿੰਦਰ ਪਾਲ ਸਿੰਘ) ਭਾਰਤ ਦੇ ਇਕਲੌਤੇ ਸਕਾਊਟ ਚੌਕ ਦਾ ਉਦਘਾਟਨ ਓੜੀਸ਼ਾ ਦੇ ਰਾਜਪਾਲ ਪ੍ਰੋਫੈਸਰ ਡਾ: ਗਣੇਸ਼ੀ ਲਾਲ ਵਲੋਂ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਸੰਤ ਕੁਮਾਰ ਦੀ ਪ੍ਰਧਾਨਗੀ ਹੇਠ ਸਕਾਊਟ ਗਾਈਡ ਦੀਆਂ ਟੁਕੜੀਆਂ ਚੌਕ ਵਿਖੇ ਪੁੱਜੀਆਂ ਅਤੇ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੰਤ ਕੁਮਾਰ ਨੇ ਕਿਹਾ ਕਿ ਭਾਰਤ ਸਕਾਊਟ ਗਾਈਡ ਐਸੋਸੀਏਸ਼ਨ ਸਿਰਸਾ ਲਈ ਇਹ ਦਿਨ ਇਤਿਹਾਸਕ ਹੈ। ਰਾਜਪਾਲ ਪ੍ਰੋ: ਗਣੇਸ਼ੀ ਲਾਲ ਨੇ ਸਕਾਊਟ ਟੁਕੜੀਆਂ ਨਾਲ ਵਾਰਤਾਲਾਪ ਦੌਰਾਨ ਸਕਾਊਟ ਗਾਈਡਾਂ ਦੀ ਸਮਰਪਣ ਭਾਵਨਾ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਸਾਨੂੰ ਇਸ ਟੀਮ 'ਤੇ ਮਾਣ ਹੈ, ਜੋ ਸਮਾਜਿਕ ਕੰਮਾਂ ਵਿਚ ਆਪਣੀ ਭੂਮਿਕਾ ਨਿਭਾ ਰਹੀ ਹੈ।ਸਿਰਸਾ ਸਕਾਊਟ ਟੀਮ ਨੇ ਹਮੇਸ਼ਾ ਹੀ ਆਪਣੇ ਮਿਸਾਲੀ ਕੰਮ ਨਾਲ ਜ਼ਿਲ੍ਹੇ ਦਾ ਹੀ ਨਹੀਂ ਸਗੋਂ ਹਰਿਆਣਾ ਤੇ ਪੂਰੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਨਾਲ ਡਾ: ਵਿਜੈ ਅਤੇ ਡਾ. ਸੰਜੀਵ ਅਗਰਵਾਲ ਨੇ ਵੀ ਸ਼ਿਰਕਤ ਕੀਤੀ। ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਢਿੱਲੋਂ, ਡੀ.ਓ.ਸੀ ਡਾ: ਇੰਦਰ ਸੈਨ ਤੇ ਡੀ.ਓ.ਸੀ ਗਾਈਡ ਊਸ਼ਾ ਗੁਪਤਾ ਨੇ ਸਕਾਟ ਪਹਿਨਾ ਕੇ ਮਹਿਮਾਨਾਂ ਦਾ ਸਵਾਗਤ ਕੀਤਾ।

ਰਾਜਪਾਲ ਨੇ ਸਕਾਊਟ ਟੁਕੜੀਆਂ ਨਾਲ ਗੱਲਬਾਤ ਕੀਤੀ। ਉਦਘਾਟਨ ਉਪਰੰਤ ਉਨ੍ਹਾਂ ਸਕਾਊਟਸ ਅਤੇ ਗਾਈਡਾਂ ਦੀ ਸਮਰਪਣ ਭਾਵਨਾ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਸਾਨੂੰ ਇਸ ਟੀਮ 'ਤੇ ਮਾਣ ਹੈ, ਜੋ ਸਮਾਜਿਕ ਕੰਮਾਂ ਵਿਚ ਆਪਣੀ ਭੂਮਿਕਾ ਨਿਭਾ ਰਹੀ ਹੈ। ਇਸ ਮੌਕੇ ਭਾਰਤ ਸਕਾਊਟ ਗਾਈਡ ਹਰਿਆਣਾ ਰਾਜ ਕਮਿਸ਼ਨਰ ਐਲ.ਐਸ.ਵਰਮਾ ਨੇ ਸਿਰਸਾ ਸਕਾਊਟਸ ਨੂੰ ਵਧਾਈ ਸੰਦੇਸ਼ ਭੇਜ ਕੇ ਉਤਸ਼ਾਹਿਤ ਕੀਤਾ।ਇਸ ਮੌਕੇ ਭਾਰਤ ਸਕਾਊਟ ਗਾਈਡ ਪ੍ਰਮੁੱਖ ਡਾ:ਸਿਕੰਦਰ ਸਿੰਘ ਸਿੱਧੂ, ਜਗਦੀਸ਼ ਢਿੰਦੋਰਾ, ਜਸਪਾਲ ਸਿੰਘ,ਸਰਵਜੀਤ ਕੌਰ, ਗੁਰਦਾਸ ਸਿੰਘ,ਸ਼ੁਸ਼ੀਲ ਪੁਰੀ ਸਮੇਤ ਸਮੁੱਚੇ ਸਿਰਸਾ ਜ਼ਿਲ੍ਹੇ ਦੀ ਸਕਾਊਟ ਟੀਮਾਂ ਵੀ ਹਾਜ਼ਰ ਸਨ।

ਕਾਤਰਾਂ

ਟੈਕਨੀਕਲ ਸਰਵਿਸ ਯੂਨੀਅਨ ਦੀ ਮੀਟਿੰਗ ਹੋਈ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ) ਟੈਕਨੀਕਲ ਸਰਵਿਸ ਯੂਨੀਅਨ ਦੀ ਮੀਟਿੰਗ ਸਬ ਅਰਬਨ ਸਬ ਡਵੀਜ਼ਨ ਦੇ ਪ੍ਰਧਾਨ ਛਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਪ੍ਰਧਾਨ ਛਿੰਦਰਪਾਲ ਸਿੰਘ, ਮੀਤ ਪ੍ਰਧਾਨ ਬ੍ਰਿਜ ਲਾਲ, ਸਕੱਤਰ ਦਰਸ਼ਨ ਕੁਮਾਰ, ਸਹਾਇਕ ਸਕੱਤਰ ਨਰੇਸ਼ ਕੁਮਾਰ ਯਾਦਵ, ਕੈਸ਼ੀਅਰ ਬਲਵਿੰਦਰ ਸਿੰਘ ਨੇ ਸਾਂਝੇ ਬਿਆਨ ਰਾਹੀਂ ਪਾਵਰਕਾਮ ਵਿੱਚ ਜੋ ਸਹਾਇਕ ਲਾਇਨਮੈਨ ਭਰਤੀ ਕੀਤੇ ਗਏ ਸਨ, ਉਨ੍ਹਾਂ ਦੇ ਤਿੰਨ ਸਾਲ ਦੇ ਕਰੀਬ ਸਰਵਿਸ ਕਰਨ ਤੋਂ ਬਾਅਦ ਲਗਭਗ 25 ਸਾਥੀਆਂ ਨੂੰ ਜਾਅਲੀ ਸਰਟੀਫਿਕੇਟਾਂ ਦੇ ਨਾਂਅ 'ਤੇ ਨੌਕਰੀ ਵਿੱਚੋਂ ਕੱਢ ਕੇ 24 ਸਾਥੀਆਂ ਨੂੰ ਜੇਲ੍ਹ ਵਿੱਚ ਡੱਕਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸਹਾਇਕ ਲਾਇਨਮੈਨ ਦੀਆਂ 3500 ਆਸਾਮੀਆਂ ਕੱਢੀਆਂ ਗਈਆਂ ਸਨ, ਜਿਸ ਵਿੱਚ ਲਗਭਗ 4765 ਉਮੀਦਵਾਰਾਂ ਨੇ ਆਨਲਾਇਨ ਅਪਲਾਈ ਕੀਤਾ ਸੀ। ਇਨ੍ਹਾਂ ਵਿੱਚ 1684 ਉਮੀਦਵਾਰਾਂ ਵੱਲੋਂ ਤਜਰਬਾ ਸਰਟੀਫਿਕੇਟ ਲਾਏ ਸਨ। ਉਕਤ ਆਸਾਮੀਆਂ ਵਿੱਚੋਂ 2393 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਸਨ। ਉਨ੍ਹਾਂ ਸਾਥੀਆਂ ਨਾਲ ਹੁਣ ਹੋ ਰਹੀ ਬੇਇਨਸਾਫੀ ਨੂੰ ਟੀਐਸਯੂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕਰੇਗੀ, ਜੇਕਰ ਪਾਵਰਕਾਮ ਨੇ ਇਹਨਾਂ ਸਾਥੀਆਂ ਉਪਰ ਦਰਜ ਪੁਲਸ ਕੇਸ ਵਾਪਸ ਨਾ ਲਏ, ਨੌਕਰੀ ਬਹਾਲ ਨਾ ਕੀਤੀ ਤਾਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ, ਜਿਸਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

ਪਸ਼ੂ ਭਲਾਈ ਸੁਸਾਇਟੀ 'ਚ ਕੀਤਾ ਗਊਆਂ ਦਾ ਇਲਾਜ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ) ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਮਿੱਤਲ ਤੇ ਮੁੱਖ ਕਾਰਜਕਾਰੀ ਅਫਸਰ ਡਾ. ਰਵੀ ਕਾਂਤ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ: ਰਾਜੀਵ ਛਾਬੜਾ ਦੀ ਅਗਵਾਈ ਹੇਠ ਪਸ਼ੂ ਪਾਲਣ ਵਿਭਾਗ ਵੱਲੋਂ ਗਊ ਭਲਾਈ ਲਈ ਚੱਲ ਰਹੀ ਮੁਹਿੰਮ ਦੇ ਤਹਿਤ ਪਿੰਡ ਸਲੇਮਸਾਹ ਵਿਖੇ ਚੱਲ ਰਹੀ ਸਰਕਾਰੀ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ (ਕੈਟਲ ਪੌਂਡ) ਵਿੱਚ ਗਊਆਂ ਦਾ ਇਲਾਜ ਕੀਤਾ ਗਿਆ। ਸੋਨੂੰ ਕੁਮਾਰ ਨੇ ਦੱਸਿਆ ਕਿ ਗਊ ਸੇਵਾ ਕਮਿਸ਼ਨ ਤੇ ਪਸ਼ੂ ਪਾਲਣ ਵਿਭਾਗ ਫ਼ਾਜ਼ਿਲਕਾ ਦੁਆਰਾ ਹਰ ਸਾਲ ਗਊ ਭਲਾਈ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਵਿੱਚ ਬਿਮਾਰ ਗਊਵੰਸ਼ਾਂ ਲਈ ਦਵਾਈਆਂ ਮੁਹੱਈਆ ਕਰਾਈਆਂ ਜਾਂਦੀਆਂ ਹਨ ਅਤੇ ਬਿਮਾਰ ਗਊਆਂ ਦਾ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਇਲਾਜ ਕੀਤਾ ਜਾਂਦਾ ਹੈ। ਇਸੇ ਮੁਹਿੰਮ ਦੇ ਤਹਿਤ ਬੀਤੇ ਦਿਨ ਵੈਟਨਰੀ ਅਫ਼ਸਰ ਸੀ.ਵੀ.ਐੱਚ ਮਹਾਤਮ ਨਗਰ ਡਾ. ਸਾਹਿਲ ਸੇਤੀਆ, ਵੈਟਰਨਰੀ ਅਫ਼ਸਰ ਡਾ. ਰਿਸਬ ਜਜੋਰੀਆ, ਵੈਟਰਨਰੀ ਅਫ਼ਸਰ ਡਾ. ਅਮਰਜੀਤ, ਡਾ: ਕੁੰਵਰ ਗਗਨੇਜਾ ਵੱਲੋਂ ਕੈਂਟਲ ਪੌਂਡ ਵਿੱਚ ਪਹੁੰਚ ਕੇ ਬਿਮਾਰ ਗਊਵੰਸ਼ ਦਾ ਇਲਾਜ ਕੀਤਾ ਗਿਆ। ਡਾ. ਸਾਹਿਲ ਸੇਤੀਆ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਹਰ ਸਾਲ ਪਸ਼ੂ ਭਲਾਈ ਮੁਹਿੰਮ ਚਲਾਈ ਜਾਂਦੀ ਹੈ, ਜਿਸ ਵਿੱਚ ਸਹਿਰ ਦੀਆਂ ਗਊਸ਼ਾਲਾਵਾਂ ਵਿੱਚ ਬਿਮਾਰ ਗਊਵੰਸ਼ ਦਾ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਚਲਾਈ ਜਾ ਰਹੀ ਕੈਟਲ ਪੌਂਡ ਵਿੱਚ ਵੀ ਬਿਮਾਰ ਗਊਵੰਸ਼ ਦਾ ਇਲਾਜ ਕੀਤਾ ਗਿਆ ਅਤੇ ਮੌਕੇ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਕੈਟਨ ਪੌਂਡ ਦਾ ਸਟਾਫ ਚੰਦਰ ਪ੍ਰਕਾਸ਼, ਸੁਨੀਲ ਸਿੰਘ ਤੇ ਪਸ਼ੂ ਪਾਲਣ ਵਿਭਾਗ ਤੋਂ ਬਲਵਿੰਦਰ ਸਿੰਘ ਵੀ ਹਾਜ਼ਰ ਸਨ।

ਚੋਰੀ ਕੀਤੇ ਗਏ ਲੋਹਾ ਸਕਰੈਪ ਸ

9-FEB-2023-page-11-Majha.qxd 2/8/2023 11:03 PM Page 1

ਸੇਂਟ ਕਬੀਰ ਸਕੂਲ ਦੇ ਸੰਸਥਾਪਕ ਹਰਪਾਲ ਸਿੰਘ ਦੀ ਪਹਿਲੀ ਬਰਸੀ ਮੌਕੇ ਹੋਣਹਾਰ ਵਿਦਿਆਰਥੀ ਸਨਮਾਨਿਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੇ ਸੰਸਥਾਪਕ/ਫਾਊਂਡਰ ਚੇਅਰਮੈਨ ਤੇ ਉੱਘੀ ਸਮਾਜ ਸੇਵੀ ਤੇ ਬਹੁਪੱਖੀ ਸ਼ਖਸੀਅਤ ਹਰਪਾਲ ਸਿੰਘ ਦੀ ਪਹਿਲੀ ਬਰਸੀ ਸਕੂਲ ਕੈਂਪਸ ਵਿਖੇ ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਮਨਾਈ ਗਈ। ਇਸ ਸਬੰਧੀ ਆਯੋਜਿਤ ਸਮਾਗਮ ਦੀ ਸ਼ੁਰੂਆਤ ਚੇਅਰਮੈਨ ਮੈਡਮ ਸਵਰਨ ਕੌਰ, ਮੁੱਖ ਮਹਿਮਾਨ ਡਾ: ਅਨੂਪ ਸਿੰਘ, ਵਿਸ਼ੇਸ਼ ਮਹਿਮਾਨ ਅਜੀਤ ਸਿੰਘ ਹੁੰਦਲ ਤੇ ਪ੍ਰਿੰਸੀਪਲ ਤਿਲਕ ਰਾਜ ਸ਼ਰਮਾ ਅਤੇ ਸਕੂਲ ਪ੍ਰਿੰਸੀਪਲ ਐੱਸ. ਬੀ. ਨਾਯਰ, ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਦੁਆਰਾ ਸ਼ਮ੍ਹਾ ਰੌਸ਼ਨ ਕਰਦਿਆਂ ਕੀਤੀ ਗਈ। ਇਸ ਉਪਰੰਤ ਮੈਡਮ ਨਿਸ਼ਾ ਝੱਘੜ ਵਲੋਂ ਪਹੁੰਚੇ ਹੋਏ ਮੁੱਖ ਮਹਿਮਾਨਾਂ ਤੇ ਪਤਵੰਤੇ ਸੱਜਣਾਂ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵਲੋਂ ਸ਼ਬਦ ਕੀਰਤਨ ਕੀਤਾ ਗਿਆ। ਉਪਰੰਤ ਸਮੂਹ ਹਾਜ਼ਰੀਨ ਵਲੋਂ ਮੋਨ ਧਾਰ ਕੇ ਹਰਪਾਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੈਡਮ ਕਿਰਨ ਬਾਲਾ ਵਲੋਂ ਸਵ: ਚੇਅਰਮੈਨ ਹਰਪਾਲ ਸਿੰਘ ਦੇ ਜੀਵਨ ਬਾਰੇ ਸੰਖੇਪ ਵਿਚਾਰ ਪੇਸ਼ ਕੀਤੇ। ਮੁੱਖ ਮਹਿਮਾਨ ਡਾ: ਅਨੂਪ ਸਿੰਘ ਨੇ ਹਰਪਾਲ ਸਿੰਘ ਦੇ ਨਾਲ ਬਿਤਾਏ ਹੋਏ ਨਿੱਜੀ ਪਲਾਂ ਤੇ ਉਨ੍ਹਾਂ ਦੇ ਸਜਾਏ ਸੁਪਨਿਆਂ ਦੀ ਸਾਂਝ ਪਾਈ। ਅਧਿਆਪਕਾ ਜਸਵਿੰਦਰ ਕੌਰ, ਮੈਡਮ ਗਗਨ ਤੇ ਮੈਡਮ ਈਸ਼ਾ ਦੁਆਰਾ ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਲਈ ਇਨਾਮ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਮੁੱਖ ਮਹਿਮਾਨ ਸਾਹਿਬਾਨ ਦੁਆਰਾ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਅਜੀਤ ਸਿੰਘ ਹੁੰਦਲ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦਿਆਂ ਚੇਅਰਮੈਨ ਹਰਪਾਲ ਸਿੰਘ ਦੇ ਨਕਸ਼ੇ ਕਦਮਾਂ ਤੇ ਚੱਲਣ ਤੇ ਕਾਮਯਾਬੀ ਹਾਸਲ ਕਰਨ ਦਾ ਸਾਰਿਆਂ ਤੋਂ ਅਹਿਦ ਲਿਆ। ਸਕੂਲ ਦੇ ਸੰਗੀਤ ਅਧਿਆਪਕ ਮਿਸਟਰ ਰਵੀ ਨੇ ਆਪਣੀ ਮਨਮੋਹਕ ਆਵਾਜ਼ ਵਿੱਚ ਗਜ਼ਲ ਪੇਸ਼ ਕੀਤੀ। ਸਕੂਲ ਹਮੇਸ਼ਾ ਹੀ ਬੀਤੇ ਸਾਲ ਦੇ ਕਾਮਯਾਬ ਪਲਾਂ ਨੂੰ ਯਾਦ ਕਰਦਾ ਹੈ ਤੇ ਨਵੇਂ ਸਾਲ ਲਈ ਸਕੰਲਪ ਬਣਾਉਂਦਾ ਹੈ, ਜਿਸ ਸਬੰਧੀ ਸਕੂਲ ਪ੍ਰਿੰਸੀਪਲ ਐਸ. ਬੀ. ਨਾਯਰ, ਅਧਿਆਪਕਾ ਮੈਡਮ ਕਰਮਜੀਤ ਕੌਰ ਅਤੇ ਵਿਦਿਆਰਥਣਾ ਐਸ਼ਪ੍ਰੀਤ ਕੌਰ ਤੇ ਹਰਪ੍ਰੀਤ ਕੌਰ ਦੁਆਰਾ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਹਮੇਸ਼ਾ ਸਕੂਲ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਆ। ਬਰਸੀ ਸਮਾਗਮ ਦੇ ਅੰਤਮ ਪੜਾਅ ਵਿੱਚ ਪ੍ਰਿੰਸੀਪਲ ਨਾਯਰ ਤੇ ਸਕੂਲ ਪ੍ਰਬੰਧਕ ਮੈਬਰਾਂ ਦੁਆਰਾ ਮੁੱਖ ਮਹਿਮਾਨ ਸਾਹਿਬਾਨ ਅਤੇ ਪਹੁੰਚੇ ਹੋਏ ਪਤਵੰਤੇ ਸੱਜਣਾ, ਦਸਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਪਰਿਵਾਰਿਕ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਪ੍ਰਣ ਕੀਤਾ ਕਿ ਉਹ ਆਏ ਸਾਲ ਉਨ੍ਹਾਂ ਦੀ ਬਰਸੀ ਸਮਾਗਮਾਂ ਨੂੰ ਯਾਦਗਾਰ ਦੇ ਰੂਪ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਰਹਿਣਗੇ ਤਾਂ ਜੋ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਸਕਣ ਤੇ ਉਨ੍ਹਾਂ ਦੀ ਦਿੱਤੀ ਹੋਈ ਸਿੱਖਿਆ ਨੂੰ ਵਿਦਿਆਰਥੀਆਂ ਤੱਕ ਪਹੁੰਚਾ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਦੇ ਸਮੂਹ ਸਟਾਫ ਮੈਂਬਰ ਵੀ ਹਾਜ਼ਰ ਸਨ।

ਮੰਗਾਂ ਨੂੰ ਲੈ ਕੇ ਪੈਨਸ਼ਨਰਾਂ ਦੀ ਮੀਟਿੰਗ ਭਲਕੇ

ਗੁਰਦਾਸਪੁਰ (ਜਨਕ ਮਹਾਜਨ)-ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ ਦੇ ਸਾਬਕਾ ਵਿੱਤ ਸਕੱਤਰ ਸੁਰਿੰਦਰ ਪੱਪੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਰਾਣਾ ਸ਼ਾਲਾ ਸਬ ਡਵੀਜ਼ਨ ਤੇ ਨੇੜੇ ਦਫਤਰਾਂ ਤੋਂ ਸੇਵਾਮੁਕਤ ਹੋਏ ਬਿਜਲੀ ਕਰਮਚਾਰੀਆਂ ਦੀ ਹੰਗਾਮੀ ਮੀਟਿੰਗ 10 ਫਰਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ 66 ਕੇ ਵੀ ਸਬ ਡਵੀਜ਼ਨ ਪੁਰਾਣਾ ਸ਼ਾਲਾ ਵਿਖੇ ਬੁਲਾਈ ਜਾ ਰਹੀ ਹੈ। ਇਸ ਮੀਟਿੰਗ ਵਿਚ ਪੈਨਸ਼ਨਰਾਂ ਦੀਆਂ ਲੰਮੇ ਸਮੇ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਵਿਚਾਰ-ਵਟਾਂਦਰਾਂ ਕੀਤਾ ਜਾਵੇਗਾ। ਪੱਪੂ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਕੋਲ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਵਲੋਂ 19 ਫਰਵਰੀ ਨੂੰ ਮੋਹਾਲੀ ਵਿਖੇ ਦਿੱਤੇ ਜਾ ਰਹੇ ਧਰਨੇ ਨੂੰ ਕਾਮਯਾਬ ਕਰਨ ਲਈ ਪੈਨਸ਼ਨਰਾਂ ਨੂੰ ਉਸ ਵਿਚ ਸ਼ਾਮਿਲ ਕਰਨ ਲਈ ਡਿਊਟੀਆਂ ਲਗਾਈਆਂ ਜਾਣਗੀਆਂ। ਪੱਪੂ ਨੇ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੀਟਿੰਗ ਵਿਚ ਵਧ-ਚੜ੍ਹ ਕੇ ਸ਼ਾਮਿਲ ਹੋਣ ਤਾਂ ਜੋ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਕੋਲੋਂ ਪੈਨਸ਼ਨਰਾਂ ਦੀਆਂ ਮੰਗਾਂ ਮੰਨਵਾਈਆਂ ਜਾ ਸਕਣ।

ਮਾਨ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੇ ਪ੍ਰਦੂਸ਼ਣ ਮੁਕਤ ਵਾਤਾਵਰਨ ਪ੍ਰਦਾਨ ਕਰਨ ਲਈ ਵਚਨਬੱਧ: ਡਾ. ਨਿੱਜਰ

ਅੰਮ੍ਰਿਤਸਰ ਸ਼ਹਿਰ ਦੇ ਸੁੰਦਰੀਕਰਨ ਤੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਖਰਚੇਗੀ 16 ਕਰੋੜ ਰੁਪਏ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ ਸੁਥਰਾ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਦੇ ਸੁੰਦਰੀਕਰਨ ਲਈ ਵਿਕਾਸ ਕਾਰਜਾਂ 'ਤੇ ਕਰੀਬ 16 ਕਰੋੜ ਰੁਪਏ ਖਰਚਣ ਦਾ ਫੈਸਲਾ ਕੀਤਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਇੰਡੀਆ ਗੇਟ ਤੋਂ ਰੇਲਵੇ ਸਟੇਸਨ ਤੱਕ ਜੀ.ਟੀ. ਰੋਡ ਦੀ ਰੀ-ਕੰਡੀਸ਼ਨਿੰਗ ਅਤੇ ਡਿਵੈਲਪਮੈਂਟ ਲਈ ਤਕਰੀਬਨ 15 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਸੁੰਦਰੀਕਰਨ ਲਈ ਸੀਮਿਟ ਆਧਾਰਿਤ ਪੇਂਟ ਨਾਲ ਪੁਲਾਂ ਦੀ ਪੇਂਟਿੰਗ 'ਤੇ ਲਗਭਗ 48 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਕਬੀਰ ਪਾਰਕ ਐਕਸਟੈਨਸ਼ਨ ਸਕੀਮ ਵਿੱਚ ਫੁੱਟਪਾਥ ਦੀ ਮੁਰੰਮਤ ਅਤੇ ਸੜਕ ਸੁਰੱਖਿਆ ਚਿੰਨ੍ਹ ਅਤੇ ਵਿਸ਼ੇਸ਼ਤਾਵਾਂ ਦੀ ਸਪਲਾਈ/ਨਿਰਮਾਣ ਲਈ ਕ੍ਰਮਵਾਰ 25 ਲੱਖ ਰੁਪਏ ਅਤੇ 49 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਕੇਂਦਰ ਦੇ ਕਿਨਾਰਿਆਂ, ਕਰਬ ਸਟੋਨ, ਸਟਰੀਟ ਲਾਈਟ ਦੇ ਖੰਭਿਆਂ ਅਤੇ ਗੈਂਟਰੀਆਂ ਆਦਿ ਦੀ ਮੁਰੰਮਤ ਅਤੇ ਪੇਂਟਿੰਗ ਲਈ ਲਗਭਗ 49 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇਨ੍ਹਾਂ ਕੰਮਾਂ ਲਈ ਦਫਤਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਦੀ ਵੱਡੀ ਅਬਾਦੀ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਮਿਲੇਗਾ।

ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇ।

ਚਰਸ ਤੇ ਨਸ਼ੀਲੇ ਪਦਾਰਥਾਂ ਸਮੇਤ ਦੋ ਵਿਅਕਤੀ ਗ੍ਰਿਫ਼ਤਾਰ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਥਾਣਾ ਦੀਨਾਨਗਰ ਦੀ ਪੁਲਸ ਨੇ 3 ਕਿਲੋ 300 ਗ੍ਰਾਮ ਚਰਸ ਅਤੇ 75 ਹਜ਼ਾਰ ਦੀ ਡਰੱਗ ਮਨੀ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਇੰਚਾਰਜ ਮੇਜਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਨੈਸ਼ਨਲ ਹਾਈਵੇਅ ਨੇੜੇ ਸ਼ੂਗਰ ਮਿੱਲ ਪੰਨਿਆੜ ਕੋਲ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ। ਰਾਤ 8 ਵਜੇ ਇੱਕ ਕਾਰ ਨੰਬਰ ਪੀਬੀ 92 ਡੀਐਕਸ 2290 ਪਠਾਨਕੋਟ ਵਾਲੇ ਪਾਸੇ ਤੋਂ ਆਉਂਦੀ ਦਿਖਾਈ ਦਿੱਤੀ ਜਿਸ ਨੂੰ ਲਵਲੀ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਦਸਮੇਸ਼ ਐਵੀਨਿਊ ਫੋਕਲ ਪੁਆਇੰਟ ਨੇੜੇ ਅਲਵਾ ਮੋਲ ਅੰਮ੍ਰਿਤਸਰ ਚਲਾ ਰਿਹਾ ਸੀ ਜਦਕਿ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਪੰਕਜ ਸ਼ਰਮਾ ਪੁੱਤਰ ਮਦਨ ਲਾਲ ਨਿਵਾਸੀ ਅੰਮ੍ਰਿਤਸਰ ਬੈਠਾ ਸੀ। ਇਨ੍ਹਾਂ ਰੋਕਣ 'ਤੇ ਕਾਰ ਦੀ ਤਲਾਸ਼ੀ ਦੌਰਾਨ ਕਾਰ ਦੇ ਗੇਅਰ ਲੀਵਰ ਨੇੜੇ ਕੱਪੜੇ ਦਾ ਬੈਗ ਮਿਲਿਆ ਜਿਸ ਦੀ ਤਲਾਸ਼ੀ ਲੈਣ 'ਤੇ ਲਿਫਾਫੇ 'ਚ 3 ਕਿਲੋ 300 ਗ੍ਰਾਮ ਚਰਸ ਅਤੇ 75 ਹਜ਼ਾਰ ਦੀ ਭਾਰਤੀ ਕਰੰਸੀ (ਡਰੱਗ ਮਨੀ) ਬਰਾਮਦ ਹੋਈ।

ਸ਼ਹੀਦ ਬਾਬਾ ਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ 'ਚ ਵਿਗਿਆਨ ਮੇਲਾ ਆਯੋਜਿਤ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸਥਾਨਕ ਸ਼ਹਿਰ ਅੰਦਰ ਵਿੱਦਿਆ ਦੇ ਪੱਖੋਂ ਇਲਾਕੇ ਦੀ ਮੋਹਰੀ ਸਿੱਖਿਆ ਸੰਸਥਾ ਬਾਬਾ ਦੀਪ ਸਿੰਘ ਜੀ ਸ਼ਹੀਦ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਗਿਆਨ ਮੇਲਾ ਕਰਵਾਇਆ ਗਿਆ। ਵਿਗਿਆਨ ਮੇਲੇ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਮਨਦੀਪ ਕੌਰ ਟਾਂਗਰਾ ਫਾਊਂਡਰ ਤੇ ਸੀਈਓ ਸਿੰਮਬਾ ਕੁਆਰਟਰਜ਼ ਆਈਟੀ ਸਰਵਿਸ ਐਂਡ ਡਿਜੀਟਲ ਮਾਰਕੀਟਿੰਗ ਕੰਪਨੀ ਟਾਂਗਰਾ ਤੇ ਉਘੇ ਸਾਮਜ ਸੇਵਕ ਪਹੁੰਚੇ। ਸਕੂਲ ਦੇ ਬੱਚਿਆ ਨੇ ਮਾਰਚਪਾਸਟ ਕਰਕੇ ਮੈਡਮ ਦਾ ਭਰਵਾਂ ਸਵਾਗਤ ਕਿੱਤਾ। ਇਸ ਮੌਕੇ ਵਿਗਿਆਨ ਮੇਲੇ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਮਾਡਲ ਬਣਾਏ ਗਏ ਜਿਨ੍ਹਾਂ ਵਿਚ ਸਾਇੰਸ, ਮੈਥ, ਆਰਟ ਅਤੇ ਕਾਮਰਸ ਵਿਸ਼ਿਆਂ ਨਾਲ ਵੀ ਸਬੰਧਤ ਵਰਕਿੰਗ ਮਾਡਲ ਬਣਾਏ ਗਏ। ਇਸ ਵਿਗਿਆਨਕ ਮੇਲੇ ਦੀ ਸ਼ੁਰੂਆਤ ਸਕੂਲ ਦੇ ਐਮਡੀ ਗੁਰਵੇਲ ਸਿੰਘ ਲੁਹਾਰੀਆ ਵੱਲੋਂ ਕਰਵਾਈ ਗਈ । ਇਸ ਮੌਕੇ ਪ੍ਰਿੰ. ਮੈਡਮ ਪਰਦੀਪ ਕੌਰ ਸੰਧੂ ਵੱਲੋਂ ਜੱਜ ਸਾਹਿਬਾਨ ਦੀ ਇਕ ਕਮੇਟੀ ਬਣਾਈ ਗਈ ਜਿਸ ਵਿਚ ਵਾਈਸ ਪ੍ਰਿੰ. ਸੰਦੀਪ ਕੌਰ ਹਰਪ੍ਰੀਤ ਕੌਰ ਸਾਇੰਸ ਅਧਿਆਪਕਾ, ਸਿਮਰਨਪ੍ਰੀਤ ਕੌਰ ਗਣਿਤ ਅਧਿਆਪਕਾ, ਹਰਮਨਪ੍ਰੀਤ ਕੌਰ ਕਾਮਰਸ ਅਧਿਆਪਕਾ ਨੇ ਜੱਜਾਂ ਦੀ ਡਿਊਟੀ ਨਿਭਾਈ। ਇਸ ਮੇਲੇ ਵਿਚ ਜੂਨੀਅਰ ਵਿੰਗ ਛੇਵੀਂ ਤੋਂ ਅੱਠਵੀਂ ਅਤੇ ਸੀਨੀਅਰ ਵਿੰਗ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਮਾਡਲ ਜਿਵੇਂ ਸਿੰਚਾਈ ਸਾਧਨ, ਪ੍ਰਦੂਸ਼ਣ, ਮੀਂਹ ਦੇ ਪਾਣੀ ਦੀ ਵਰਤੋਂ, ਦਿਲ ਦਾ ਵਰਕਿੰਗ ਮਾਡਲ, ਕਿਡਨੀ, ਪੈਨਕਰੀਆਸ, ਥਾਇਰਾਈਡ ਗਲੈਂਡ ਦੇ ਮਾਡਲ, ਬੈਂਕ ਇੰਸੋਰੰਸ ਕਾਮਰਸ ਦੇ ਮਾਡਲ, ਸੋਲਰ ਪੈਨਲ ਦੇ ਨਾਲ ਬਿਜਲੀ ਪੈਦਾ ਕਰਕੇ ਘਰਾਂ ਨੂੰ ਬਿਜਲੀ ਦੇਣ ਦੇ ਮਾਡਲ, ਆਰਟ ਦੀ ਕਲਾ ਵਿਖਾਉਂਦੇ ਹੋਏ ਵਿਦਿਆਰਥੀਆਂ ਨੇ ਗੁਰੂਆਂ ਦੀਆਂ ਤੇ ਦੇਸ਼ ਭਗਤਾਂ ਦੀਆਂ ਤਸਵੀਰਾਂ ਵੀ ਬਣਾਈਆਂ। ਗਣਿਤ ਦੇ ਵਿਸ਼ੇ ਨਾਲ ਸਬੰਧਿਤ ਵੱਖ ਵੱਖ ਮਾਡਲ ਤਿਆਰ ਕੀਤੇ। ਮਾਡਲਾਂ ਨੂੰ ਵੇਖਣ ਵਾਲਿਆਂ ਨੂੰ ਆਪਣੇ ਵੱਲ ਖਿੱਚਿਆ । ਮੇਲੇ ਦੇ ਜੂਨੀਅਰ ਵਿੰਗ ਵਿਚੋਂ ਗਣਿਤ ਵਿਸ਼ੇ ਵਿੱਚ ਹਰਲੀਨ ਕੌਰ (6ਵੀਂ) ਪਹਿਲਾ, ਸਿਮਰਨ ਦੀਪ ਕੌਰ (7ਵੀਂ) ਦੂਸਰਾ, ਗਗਨਦੀਪ ਕੌਰ (8ਵੀਂ) ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਵਿਗਿਆਨ ਵਿਸ਼ੇ ਵਿੱਚ ਖੁਸ਼ਮਨਪ੍ਰੀਤ ਕੌਰ ਤੇ ਅਭਿਨੂਰ ਕੌਰ (6ਵੀਂ) ਪਹਿਲਾ ਸਥਾਨ, ਰਾਜਕੁੰਵਰ ਸਿੰਘ (7ਵੀਂ) ਦੂਸਰਾ ਸਥਾਨ, ਯਸ਼ ਸੰਧੂ (6ਵੀਂ) ਤੇ ਹਿਤਾਜਪ੍ਰੀਤ (8ਵੀਂ) ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਵਿੰਗ ਵਿੱਚੋਂ ਕਾਮਰਸ ਵਿੱਚੋਂ ਅਨਮੋਲਪ੍ਰੀਤ ਕੌਰ (+2) ਪਹਿਲਾ ਸਥਾਨ। ਵਿਗਿਆਨ ਵਿਸ਼ੇ ਵਿੱਚ ਸੁਖਮਨਪ੍ਰੀਤ ਕੌਰ ਦਸਵੀਂ ਪਹਿਲਾ, ਹਰਲੀਨ ਕੌਰ ਬਾਰ੍ਹਵੀਂ ਜਮਾਤ ਖੁਸ਼ਪ੍ਰੀਤ ਕੌਰ ਤੇ ਸੁਖਮਨਪ੍ਰੀਤ ਕੌਰ ਬਾਰ੍ਹਵੀਂ ਨੇ ਦੂਸਰਾ ਸਥਾਨ, ਸਿਮਰਨ ਜੀਤ ਕੌਰ ਬਾਰਵੀਂ ਜਮਾਤ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਮੈਡਮ ਟਾਂਗਰਾ ਤੇ ਕਿਹਾ ਕਿ ਮੈ ਅੱਜ ਜੋ ਵੀ ਹਾਂ ਸਿਰਫ ਪੜ੍ਹਾਈ ਕਰਕੇ ਹਾਂ। ਮੈਡਮ ਨੇ ਸਕੂਲ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅੱਜ ਸਾਨੂੰ ਲੋੜ ਹੈ ਇਹੋ ਜਿਹੇ ਵਿਗਿਆਨ ਨਾਲ ਸਬੰਧਤ ਮੇਲੇ ਕਰਵਾਉਣ ਦੀ ਤਾਂ ਜੋ ਬੱਚੇ ਆਪਣੀ ਜ਼ਿੰਦਗੀ ਵਿੱਚ ਆਪਣੀ ਕਾਬਲੀਅਤ ਨਾਲ ਕਾਮਯਾਬ ਹੋ ਸਕਣ। ਅੰਤ ਵਿੱਚ ਸਕੂਲ ਦੇ ਐੱਮਡੀ ਗੁਰਵੇਲ ਸਿੰਘ ਲੁਹਾਰੀਆ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰ. ਗੁਰਦੀਪ ਕੌਰ ਸੰਧੂ, ਵਾਈਸ ਪ੍ਰਿੰ. ਸੰਦੀਪ ਕੌਰ, ਮੈਡਮ ਗੁਰਮੀਤ ਕੌਰ ਅਤੇ ਕੰਵਲਜੀਤ ਕੌਰ, ਸਮੂਹ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੇ ਆਏ ਹੋਏ ਮੁੱਖ

9-Feb-PAGE-12.qxd 2/8/2023 10:51 PM Page 1

ਨਰੇਗਾ ਕਾਮਿਆਂ ਵੱਲੋਂ ਪੱਕੇ ਸੰਘਰਸ਼ ਦੀ ਚਿਤਾਵਨੀ

ਭਿੱਖੀਵਿੰਡ (ਨਵਾਂ ਜ਼ਮਾਨਾ ਸਰਵਿਸ)

ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਏਟਕ ਵੱਲੋਂ ਨਰੇਗਾ ਸਕੀਮ ਅਧੀਨ ਕੰਮ ਲੈਣ ਲਈ ਬੀਡੀਪੀਓ ਦਫਤਰ ਭਿੱਖੀਵਿੰਡ ਵਿਖੇ ਰੋਹ ਭਰਪੂਰ ਪ੍ਰਦਰਸ਼ਨ ਵਿੱਚ ਚਿਤਾਵਨੀ ਦਿੱਤੀ ਕਿ ਜੇਕਰ ਇੱਕ ਹਫਤੇ ਅੰਦਰ-ਅੰਦਰ ਨਰੇਗਾ ਕਾਮਿਆਂ ਨੂੰ ਕੰਮ ਨਾ ਦਿੱਤਾ ਗਿਆ ਤਾਂ ਬੀਡੀਪੀਓ ਦਫਤਰ ਅੱਗੇ ਪੱਕਾ ਸੰਘਰਸ਼ ਆਰੰਭ ਦਿੱਤਾ ਜਾਵੇਗਾ। ਧਰਨੇ ਨੂੰ ਸੀਪੀਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ,ਏਟਕ ਦੇ ਸੂਬਾ ਆਗੂ ਪੂਰਨ ਸਿੰਘ ਮਾੜੀਮੇਘਾ, ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਰਛਪਾਲ ਸਿੰਘ ਬਾਠ, ਪੱਲੇਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਟਹਿਲ ਸਿੰਘ ਲੱਧੂ ਤੇ ਏਟਕ ਆਗੂ ਬਲਦੇਵ ਰਾਜ ਭਿੱਖੀਵਿੰਡ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਨਰੇਗਾ ਦਫਤਰ ਭਿੱਖੀਵਿੰਡ ਦੇ ਮੁਲਾਜ਼ਮ ਨਰੇਗਾ ਕਾਮਿਆਂ ਨੂੰ ਜਾਣ ਬੁੱਝ ਕੇ ਕੰਮ ਨਹੀਂ ਦੇ ਰਹੇ। ਇਹ ਮੁਲਾਜ਼ਮ ਉਨ੍ਹਾਂ ਨੂੰ ਕੰਮ ਦਿੰਦੇ ਹਨ ਜਿਹੜੇ ਇੰਨਾਂ ਨੂੰ ਰਿਸ਼ਵਤ ਦਿੰਦੇ ਹਨ। ਬੜੀ ਹੈਰਾਨੀ ਹੈ ਕਿ ਵਾਰ-ਵਾਰ ਬੇਨਤੀ ਕਰਨ 'ਤੇ ਵੀ ਇੰਨਾਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਕੋਈ ਉਪਰਲਾ ਅਫਸਰ ਵੀ ਇੰਨਾਂ ਨੂੰ ਨਹੀਂ ਪੁੱਛਦਾ ਕਿ ਤੁਸੀਂ ਕੰਮ ਕਿਉਂ ਨਹੀਂ ਦੇ ਰਹੇ। ਕੰਮ ਮੰਗਣ ਵਾਲੇ ਨਰੇਗਾ ਕਾਮੇਂ ਭਾਈ ਲੱਧੂ ਕਲਾਂ ਤੇ ਖੁਰਦ, ਭਗਵਾਨ ਪੁਰਾ, ਕਲਸੀਆਂ ਕਲਾਂ, ਸਾਂਡਪੁਰਾ,ਤਤਲੇ, ਮਾੜੀਮੇਘਾ,ਮਾੜੀ ਕੰਬੋਕੀ, ਵਾਂ ਤਾਰਾ ਸਿੰਘ ਅਤੇ ਅਲਗੋਂ ਅੱਡੇ ਦੇ ਹਨ।

ਹਾਈਡਰਾ ਦੀ ਫੇਟ ਵੱਜਣ ਨਾਲ ਔਰਤ ਦੀ ਮੌਤ

ਨੂਰਪੁਰਬੇਦੀ,(ਸੁਰਜੀਤ ਸਿੰਘ ਕਾਹਲੋਂ)-ਹਾਈਡਰਾ ਮਸ਼ੀਨ ਦੀ ਫੇਟ ਲੱਗਣ ਨਾਲ 42 ਸਾਲਾ ਔਰਤ ਦੀ ਮੌਤ ਹੋ ਗਈ। ਚੌਕੀ ਕਲਵਾਂ ਦੀ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਮ੍ਰਿਤਕਾ ਦੇ ਪਤੀ ਸੰਦੀਪ ਕੁਮਾਰ ਪੁੱਤਰ ਪ੍ਰਲਾਦ ਸਿੰਘ ਨਿਵਾਸੀ ਸਪਾਲਵਾਂ ਜੋ ਪਨਬਸ ਪੰਜਾਬ ਰੋਡਵੇਜ਼ ਨੰਗਲ ਡਿਪੂ 'ਚ ਬਤੌਰ ਡਰਾਇਵਰ ਨੌਕਰੀ ਕਰਦਾ ਹੈ ਨੇ ਦੱਸਿਆ ਕਿ ਦੁਪਹਿਰ ਕਰੀਬ ਸਵਾ 12 ਵਜੇ ਉਹ ਆਪਣੇ ਸਪਾਲਵਾਂ ਤੋਂ ਲਾਗਲੇ ਪਿੰਡ ਪਲਾਟਾ ਵਿਖੇ ਆਪਣੇ ਰਿਸ਼ਤੇਦਾਰ ਬਲਵੀਰ ਸਿੰਘ ਦੇ ਲੜਕੇ ਅਮਰੀਕ ਸਿੰਘ ਦੇ ਵਿਆਹ 'ਚ ਆਪਣੀ ਪਤਨੀ ਇੰਦੂਬਾਲਾ ਅਤੇ ਮੇਹਰ ਸਿੰਘ ਪੁੱਤਰ ਪਿਆਰਾ ਸਿੰਘ ਨਿਵਾਸੀ ਸਪਾਲਵਾਂ ਨਾਲ ਸ਼ਗਨ ਦੇਣ ਲਈ ਪੈਦਲ ਜਾ ਰਹੇ ਸਨ। ਜਦੋਂ ਉਹ ਅਮਰਨਾਥ ਕਰਿਆਨਾ ਸਟੋਰ ਪਿੰਡ ਸਪਾਲਵਾਂ ਕੋਲ ਸੜਕ ਕਿਨਾਰੇ ਪਹੁੰਚੇ ਤਾਂ ਪਿੱਛੇ ਤੋਂ ਆਏ ਇਕ ਪੀਲੇ ਰੰਗ ਦੇ ਤੇਜ਼ ਰਫ਼ਤਾਰ ਹਾਈਡਰਾ ਦੇ ਚਾਲਕ ਨੇ ਲਾਪਰਵਾਹੀ ਨਾਲ ਚਲਾਉਂਦੇ ਹੋਏ ਉਸਦੀ ਪਤਨੀ ਇੰਦੂਬਾਲਾ ਨੂੰ ਫੇਟ ਮਾਰੀ ਅਤੇ ਕਾਫ਼ੀ ਦੂਰ ਤੱਕ ਘਸੀਸ ਕੇ ਲੈ ਗਿਆ। ਜਦੋਂ ਉਹ ਗੰਭੀਰ ਜਖਮੀ ਹੋਈ ਇੰਦੂਬਾਲਾ ਨੂੰ ਚੁੱਕਣ ਲੱਗੇ ਤਾਂ ਹਾਈਡਰਾ ਦਾ ਚਾਲਕ ਆਪਣੀ ਹਾਈਡਰਾ ਮਸ਼ੀਨ ਨੂੰ ਸਾਈਡ 'ਤੇ ਖੜੀ ਕਰਨ ਦੇ ਬਹਾਨੇ ਫਰਾਰ ਹੋ ਗਿਆ। ਜਖਮੀ ਔਰਤ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਚੌਕੀ ਇੰਚਾਰਜ ਏ.ਐੱਸ.ਆਈ. ਹਰਮੇਸ਼ ਕੁਮਾਰ ਨੇ ਦੱਸਿਆ ਕਿ ਹਾਈਡਰਾ ਨੰਬਰ ਪੀ.ਬੀ.65-ਏ.ਏ. 4413 ਦੇ ਚਾਲਕ ਤ੍ਰਿਲੋਚਨ ਸਿੰਘ ਪੁੱਤਰ ਤਾਰਾ ਚੰਦ ਨਿਵਾਸੀ ਨਾਨਗਰਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਆਰੰਭ ਦਿੱਤੀ ਹੈ।

ਇਸਰੋ ਲਈ ਚਿੱਪ ਬਣਾਉਣ ਵਾਲੀਆਂ ਵਿਦਿਆਰਥਣਾਂ ਦਾ ਮੁੱਖ ਮੰਤਰੀ ਵੱਲੋਂ ਸਨਮਾਨ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਅੰਮ੍ਰਿਤਸਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀਆਂ ਵਿਦਿਆਰਥਣਾਂ ਨੂੰ ਇਸਰੋ ਲਈ ਚਿੱਪ ਬਣਾਉਣ ਲਈ ਸਨਮਾਨਿਤ ਕੀਤਾ। ਇਸ ਚਿੱਪ ਨੂੰ ਇਸਰੋ ਦੇ ਉਪਗ੍ਰਹਿ ਵਿੱਚ ਲਗਾਇਆ ਗਿਆ ਹੈ।

ਮੁੱਖ ਮੰਤਰੀ ਨੇ ਇੱਥੇ ਮਾਲ ਰੋਡ ਉਤੇ ਸਥਿਤ ਇਸ ਸਕੂਲ ਦੀਆਂ ਵਿਦਿਆਰਥਣਾਂ ਨੂੰ ਇਸ ਮਾਅਰਕੇ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥਣਾਂ ਦਾ ਇਹ ਵਿਲੱਖਣ ਮਾਅਰਕਾ ਭਵਿੱਖ ਵਿੱਚ ਹੋਰ ਵਿਦਿਆਰਥੀਆਂ ਨੂੰ ਵੀ ਅਜਿਹੀਆਂ ਉਪਲਬਧੀਆਂ ਲਈ ਪ੍ਰੇਰਿਤ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਇਹ ਪੂਰੇ ਸੂਬੇ ਲਈ ਵੱਡੇ ਮਾਣ ਵਾਲੀ ਗੱਲ ਹੈ। ਇਸ ਤੋਂ ਇਹ ਗੱਲ ਮੁੜ ਸਾਬਤ ਹੋਈ ਕਿ ਪੰਜਾਬ ਕੋਲ ਅਥਾਹ ਹੁਨਰ ਹੈ, ਜਿਸ ਨੂੰ ਉਸਾਰੂ ਦਿਸ਼ਾ ਵਿੱਚ ਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਦੇ ਵਿਦਿਆਰਥੀਆਂ ਵਿੱਚ ਨਵੀਨਤਾ ਤੇ ਮੁਹਾਰਤ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਇਨ੍ਹਾਂ ਵਿਦਿਆਰਥਣਾਂ ਨੂੰ ਸਹੀ ਪਲੇਟਫਾਰਮ ਮਿਲੇ ਤਾਂ ਉਹ ਕਿਸੇ ਵੀ ਖੇਤਰ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮੰਨਵਾ ਸਕਦੀਆਂ ਹਨ। ਇਸੇ ਲਈ ਪੰਜਾਬ ਸਰਕਾਰ ਵਿਦਿਆਰਥਣਾਂ ਨੂੰ ਉਤਸ਼ਾਹਤ ਕਰਨ ਲਈ ਹਰੇਕ ਸੰਭਵ ਕੋਸ਼ਿਸ਼ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਅਜਿਹੀ ਇਕ ਨਿਮਾਣੀ ਜਿਹੀ ਕੋਸ਼ਿਸ਼ ਤਹਿਤ ਸੂਬੇ ਭਰ ਵਿੱਚ 'ਸਕੂਲ ਆਫ ਐਮੀਨੈਂਸ' ਦਾ ਨਿਰਮਾਣ ਕਰ ਰਹੀ ਹੈ। ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਇਹ ਸਕੂਲ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਮੁਤਾਬਕ ਭਵਿੱਖੀ ਮੁਕਾਬਲਿਆਂ ਲਈ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਆਪਣੇ ਪਸੰਦੀਦਾ ਖੇਤਰ ਵਿੱਚ ਪ੍ਰਾਪਤੀਆਂ ਹਾਸਲ ਕਰਨ ਵਿੱਚ ਮਦਦ ਮਿਲੇਗੀ ਅਤੇ ਉਹ ਕਾਨਵੈਂਟ ਤੋਂ ਪੜ੍ਹੇ ਆਪਣੇ ਹਾਣੀਆਂ ਦਾ ਆਲਮੀ ਪੱਧਰ ਉਤੇ ਮੁਕਾਬਲਾ ਕਰਨ ਦੇ ਯੋਗ ਹੋਣਗੇ। ਭਗਵੰਤ ਮਾਨ ਨੇ ਸ੍ਰੀ ਹਰੀਕੋਟਾ ਜਾਣ ਦੇ ਖ਼ਰਚੇ ਲਈ ਇਨ੍ਹਾਂ ਵਿਦਿਆਰਥਣਾਂ ਨੂੰ ਤਿੰਨ ਲੱਖ ਦਾ ਚੈੱਕ ਸੌਂਪਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਹਿਯੋਗ ਦੇਣ ਦੇ ਮਹਾਨ ਕਾਰਜ ਦੀ ਸਫ਼ਲਤਾ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਜਨਮ ਦਿਨ ਮੁਬਾਰਕ

ਅਰਸ਼ਪ੍ਰੀਤ ਕੌਰ, ਲਹਿਰਾ ਖਾਨਾ

ਹਰਮਨਦੀਪ ਸਿੰਘ, ਧਾਰੀਵਾਲ

ਪ ਸ ਸ ਫ ਵੱਲੋਂ ਰਾਣਾ ਦੇ ਸ਼ਰਧਾਂਜਲੀ ਸਮਾਗਮ 'ਚ ਸ਼ਾਮਲ ਹੋਣ ਦਾ ਫੈਸਲਾ

ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਜ਼ਿਲ੍ਹਾ ਜਲੰਧਰ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਸ਼ਾਮਲ ਹੋ ਕੇ ਮੁਲਾਜਮ ਸੰਘਰਸ਼ਾਂ ਦੇ ਮੋਢੀ ਆਗੂ ਸਾਥੀ ਤਰਲੋਚਨ ਸਿੰਘ ਰਾਣਾ ਦੇ ਸ਼ਰਧਾਂਜਲੀ ਸਮਾਗਮ ਬਾਰੇ, ਪੰਜਾਬ -ਯੂ.ਟੀ.ਮੁਲਾਜਮ ਅਤੇ ਪੈਨਸਨਰ ਸਾਂਝਾ ਫਰੰਟ ਪੰਜਾਬ ਵਲੋਂ ਪੰਦਰਾਂ ਫਰਵਰੀ ਨੂੰ ਜ਼ਿਲ੍ਹਾ ਪੱਧਰੀ ਰੈਲੀਆਂ ਕਰਕੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਣ ਬਾਰੇ ਅਤੇ ਬਜਟ ਸੈਸਨ ਦੇ ਦੌਰਾਨ 19 ਫਰਵਰੀ ਦੀ ਚੰਡੀਗੜ੍ਹ ਸੂਬਾਈ ਰੈਲੀ ਅਤੇ ਸਰਕਾਰ ਦੇ ਸਮਾਨੰਤਰ ਸੈਸ਼ਨ ਚਲਾ ਕੇ ਪੰਜਾਬ ਸਰਕਾਰ ਦਾ ਮੁਲਾਜਮਾਂ ਅਤੇ ਆਮ ਲੋਕਾਂ ਵਿਰੋਧੀ ਚਿਹਰਾ ਨੰਗਾ ਕਰਨ ਬਾਰੇ ਦੱਸਿਆ ਅਤੇ ਸਾਰੇ ਸੰਘਰਸ਼ਾਂ ਵਿੱਚ ਸਮੂਲੀਅਤ ਕਰਨ ਲਈ ਪੂਰੀ -ਪੂਰੀ ਲਾਮਬੰਦੀ ਕਰਨ ਲਈ ਮੀਟਿੰਗ ਵਿੱਚ ਹਾਜਰ ਆਗੂਆਂ ਨੂੰ ਪ੍ਰੇਰਿਤ ਕੀਤਾ। ਮੀਟਿੰਗ ਦੀ ਕਾਰਵਾਈ ਦੇ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਕਿਹਾ ਕਿ ਇੱਕ ਵੱਖਰਾ ਮਤਾ ਪਾਸ ਕਰਕੇ ਮੁਲਾਜਮ ਸੰਘਰਸ਼ਾਂ ਦੇ ਮੋਢੀ ਆਗੂ ਸਾਥੀ ਤਰਲੋਚਨ ਸਿੰਘ ਰਾਣਾ,ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਫੈਸਲਾ ਕੀਤਾ ਕਿ ਸਾਥੀ ਰਾਣਾ ਦੇ 12 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋ ਰਹੇ ਸ਼ਰਧਾਂਜਲੀ ਸਮਾਗਮ ਵਿੱਚ ਪ.ਸ.ਸ.ਫ.ਦੇ ਵਰਕਰ ਅਤੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਪ੍ਰੈੱਸ ਬਿਆਨ ਜਾਰੀ ਰੱਖਦੇ ਹੋਏ ਸਾਥੀ ਹੀਰਾ ਨੇ ਦੱਸਿਆ ਕਿ ਪੰਦਰਾਂ ਫਰਵਰੀ ਦੀ ਜ਼ਿਲ੍ਹਾ ਪੱਧਰੀ ਰੈਲੀ, ਉੱਨੀ ਫਰਵਰੀ ਦੀ ਚੰਡੀਗੜ੍ਹ ਸੂਬਾਈ ਰੈਲੀ ਵਿੱਚ ਵੱਧ ਚੜ੍ਹਕੇ ਸ਼ਮੂਲੀਅਤ ਕਰਨ ਲਈ ਬਲਾਕ ਪੱਧਰੀ ਆਗੂਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ । ਇਸ ਸਮੇਂ ਹੋਰਨਾਂ ਤੋਂ ਇਲਾਵਾ ਪੁਸਪਿੰਦਰ ਕੁਮਾਰ ਵਿਰਦੀ, ਨਿਰਮੋਲਕ ਸਿੰਘ ਹੀਰਾ,ਅਕਲ ਚੰਦ ਸਿੰਘ, ਪਰਨਾਮ ਸਿੰਘ ਸੈਣੀ, ਤਰਸੇਮ ਮਾਧੋਪੁਰੀ, ਕੁਲਦੀਪ ਵਾਲੀਆ, ਕਰਨੈਲ ਫਿਲੌਰ, ਗਣੇਸ਼ ਭਗਤ, ਸੁਖਵਿੰਦਰ ਸਿੰਘ ਮੱਕੜ, ਹਰਮਨਜੋਤ ਸਿੰਘ ਆਹਲੂਵਾਲੀਆ, ਬਲਜੀਤ ਸਿੰਘ ਕੁਲਾਰ,ਮਨੋਜ ਕੁਮਾਰ ਸਰੋਏ, ਕੁਲਵੰਤ ਰਾਮ ਰੁੜਕਾ, ਬਲਵੀਰ ਸਿੰਘ ਗੁਰਾਇਆ, ਪਰੇਮ ਖਲਵਾੜਾ, ਸਤਵਿੰਦਰ ਸਿੰਘ, ਅੰਗਰੇਜ ਸਿੰਘ, ਬਲਜੀਤ ਸਿੰਘ ਨਕੋਦਰ, ਰਾਜਿੰਦਰ ਮਹਿਤਪੁਰ, ਮੁਲਖ ਰਾਜ, ਗੁਰਿੰਦਰ ਸਿੰਘ ਆਦਮਪੁਰ,ਸੂਰਤੀ ਲਾਲ ਭੋਗਪੁਰ,ਓਮ ਪ੍ਰਕਾਸ਼, ਸੁਖਵਿੰਦਰ ਰਾਮ ਆਦਿ ਸਾਥੀ ਹਾਜਰ ਹੋਏ।

ਸੀ ਟੀ ਸ਼ਾਹਪੁਰ ਕੈਂਪਸ ਵਿਖੇ ਡਿਜੀਟਲ ਲਾਂਚਿੰਗ

ਜਲੰਧਰ (ਸ਼ੈਲੀ ਐਲਬਰਟ)

ਸੀਟੀ ਸ਼ਾਹਪੁਰ ਕੈਂਪਸ ਨੇ ਇੱਕ ਵਾਰ ਫਿਰ ਦਾ ਮੀਲ ਪੱਥਰ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਸੀਨੀਅਰ ਸੈਕੰਡਰੀ ਵਿੰਗ) ਹਾਸਲ ਕੀਤਾ। ਉਦਘਾਟਨੀ ਸਮਾਰੋਹ ਸੀਟੀਆਈਟੀ ਸੈਮੀਨਾਰ ਹਾਲ ਸ਼ਾਹਪੁਰ ਵਿਖੇ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਨਕੋਦਰ ਦੀ ਵਿਧਾਇਕਾ ਮੈਡਮ ਇੰਦਰਜੀਤ ਕੌਰ ਮਾਨ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਪ੍ਰਿੰਸੀਪਲ, ਸਮਾਜ ਸੇਵੀ, ਸਰਪੰਚ, ਮੀਡੀਆ ਅਤੇ ਵੱਖ-ਵੱਖ ਪਿਛੋਕੜਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਸਮਾਗਮ ਦੌਰਾਨ ਮੁੱਖ ਮਹਿਮਾਨ ਵੱਲੋਂ ਡਿਜੀਟਲ ਲਾਂਚਿੰਗ ਕੀਤੀ ਗਈ । ਇਸ ਤੋਂ ਇਲਾਵਾ ਸੀਟੀ ਮਿਊਜ਼ੀਕਲ ਸੋਸਾਇਟੀ ਦੇ ਵਿਦਿਆਰਥੀਆਂ ਵੱਲੋਂ ਸੰਗੀਤਕ ਪੇਸ਼ਕਾਰੀ ਵੀ ਕੀਤੀ ਗਈ ਅਤੇ ਸੀਟੀਆਈਐਚਐਸ ਦੇ ਵਿਦਿਆਰਥੀਆਂ ਵੱਲੋਂ ਗਿੱਧਾਂ ਦੀ ਪੇਸ਼ਕਾਰੀ ਸਮਾਗਮ ਦਾ ਮੁੱਖ ਆਕਰਸ਼ਣ ਰਹੀ। ਡਾ: ਗੁਰਪ੍ਰੀਤ ਸਿੰਘ (ਸੀਟੀ ਗਰੁੱਪ ਸ਼ਾਹਪੁਰ ਕੈਂਪਸ ਦੇ ਡਾਇਰੈਕਟਰ), ਡਾ: ਜਸਦੀਪ ਕੌਰ ਧਾਮੀ (ਡਾਇਰੈਕਟਰ ਰਿਸਰਚ ਐਂਡ ਪਲੈਨਿੰਗ), ਡਾ: ਸੀਮਾ ਅਰੋੜਾ (ਪ੍ਰਿੰਸੀਪਲ, ਸੀ.ਟੀ.ਆਈ.ਐਚ.ਐਸ. ਐਸ.ਐਸ. ਵਿੰਗ), ਮੁਨੀਸ਼ ਡਿਗਰਾ (ਡਿਪਟੀ ਡਾਇਰੈਕਟਰ), ਸਤਿੰਦਰ ਕੌਰ ਕੋਆਰਡੀਨੇਟਰ (ਐਸ.ਐਸ. ਵਿੰਗ) , ਅਸ਼ੀਸ਼ ਸ਼ਰਮਾ (ਕੋਆਰਡੀਨੇਟਰ ਐਸ.ਐਸ. ਵਿੰਗ) ਵੀ ਪ੍ਰੋਗਰਾਮ ਦੌਰਾਨ ਮੌਜੂਦ ਸੀ। । ਡਾ: ਮਨਬੀਰ ਸਿੰਘ, ਸੀ.ਟੀ.ਦੇ ਮੈਨਜਿੰਗ ਡਾਇਰੈਕਟਰ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਐਮ.ਐਲ.ਏ., ਨਕੋਦਰ ਮੈਡਮ ਇੰਦਰਜੀਤ ਕੌਰ ਮਾਨ ਦਾ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

ਕੋਰੋਨਾ ਵਲੰਟੀਅਰਜ਼ ਵੱਲੋਂ ਚੱਕਾ ਜਾਮ ਦੀ ਕੋਸ਼ਿਸ਼ ਪੁਲਸ ਨੇ ਕੀਤੀ ਨਾਕਾਮ

ਖਰੜ (ਹਰਨਾਮ ਸਿੰਘ ਡੱਲਾ)

ਕਰੋਨਾ ਕਾਲ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਭਰਤੀ ਕੀਤੇ ਪੰਜਾਬ ਪੁਲਸ ਵਲੰਟੀਅਰਜ ਵਲੋਂ ਖਰੜ ਹਾਈਵੇ ਜਾਮ ਕਰਨ ਦੇ ਸੱਦੇ ਨੂੰ ਰਵਨੀਤ ਸਿੰਘ ਵਿਰਕ ਐੱਸ.ਪੀ. ਮੋਹਾਲੀ ਦੀ ਅਗਵਾਈ ਵਿੱਚ ਤਾਇਨਾਤ ਪੁਲਸ ਫੋਰਸ ਵਲੋਂ ਨਾਕਾਮ ਕਰ ਦਿੱਤਾ ਗਿਆ। ਚੇਤੇ ਰਹੇ ਕਿ ਕਰੋਨਾ ਕਾਲ ਵੇਲੇ ਢਾਈ ਸੌ ਦੇ ਕਰੀਬ ਨੌਜਵਾਨਾਂ ਨੂੰ ਕੈਪਟਨ ਸਰਕਾਰ ਨੇ ਪੱਕਾ ਕਰਨ ਦੇ ਵਾਅਦੇ ਨਾਲ ਪੰਜਾਬ ਪੁਲਸ ਵਲੰਟੀਅਰਜ ਦਾ ਕੰਮ ਦਿੱਤਾ ਸੀ। ਵਲੰਟੀਅਰਜ ਦਾ ਕਹਿਣਾ ਹੈ ਕਿ ਕਰੋਨਾ ਮਹਾਂਮਾਰੀ ਦੇ ਸਮੇਂ ਜਦੋਂ ਪੰਜਾਬ ਪੁਲਸ ਦਾ ਅਮਲਾ ਵੱਡੀ ਗਿਣਤੀ ਵਿੱਚ ਕਰੋਨਾ ਗ੍ਰਸਤ ਹੋ ਚੁੱਕਾ ਸੀ, ਉਸ ਸਮੇਂ ਭਰਤੀ ਕੀਤੇ ਗਏ ਪੰਜਾਬ ਪੁਲਸ ਵਲੰਟੀਅਰਜ ਨੇ ਔਖੇ ਸਮੇਂ ਆਪਣੀਆਂ ਜਾਨਾਂ ਦੀ ਪਰਵਾਹ ਕਰੇ ਵਗੈਰ ਡਿਊਟੀ ਨਿਭਾਈ ਹੈ ਅਤੇ ਕਰੋਨਾ ਮਰੀਜਾਂ ਤਕ ਰਾਹਤ ਅਤੇ ਕਰੋਨਾ ਨਾਲ ਮਰੇ ਮੰਦਭਾਗੇ ਮ੍ਰਿਤਕਾਂ ਦੇ ਸਸਕਾਰ ਕਰਨ ਲਈ ਵੀ ਅੱਗੇ ਆਏ ਸਨ। ਵਲੰਟੀਅਰ ਆਗੂ ਮਨਪ੍ਰੀਤ ਸਿੰਘ ਅਤੇ ਗੁਰ